

Hansti Duniya (Punjabi)
Vol. 42
No. 08
August 2018
₹15/-
ਹੰਸਤੀ ਦੁਨੀਆ
ਸਵਤੰਤਰਤਾ ਦਿਵਸ
ਦੀ
ਸ਼ੁਭਕਾਮਨਾ

# ਹੱਸਦੀ ਦੁਨੀਆ

● Vol. 42 ● ਅੰਕ : 08 ● ਅਗਸਤ 2018 ● Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Chief Editor :*
Harjeet Nishad

*Editor (Honorary)*
Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215

**Website:** http//www.nirankari.org
kids.nirankari.org


## Subscription Value

| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |

**Other Countries**

Equivalent to U.S. Dollars as mentioned above.

## ਸਭ ਤੋਂ ਪਹਿਲਾਂ










## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50




## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46



















## ਕਹਾਣੀਆਂ


ਪਿਤਾ ਦੀ ਸਿਖਿਆ
– ਪਰਸ਼ੂਰਾਮ 6
ਅਕਲਮੰਦ ਲੜਕਾ
– ਪੁਸ਼ਕਰ ਠਿਰੰਕਾਰੀ 12
ਘਮੰਡ ਦਾ ਨਤੀਜਾ
– ਵਿਭਾ ਵਰਮਾ 15
ਬਦਲਾ ਅਤੇ ਬਲੀਦਾਠ
– ਦਿਨੇਸ਼ ਜੈਠ 28
ਮਰਹਮ
– ਸੀਤਾਰਾਮ ਗੁਪਤਾ 34
ਸੱਚੀ ਲਗਠ ਤੇ ਧੀਰਜ
– ਊਸ਼ਾ ਸਭਰਵਾਲ 36
ਮੂਰਖ ਗਧਾ
– ਅਮਨਪ੍ਰੀਤ ਸਿੰਘ 43


## ਗੀਤ-ਕਵਿਤਾਵਾਂ


ਆਜ਼ਾਦੀ ਦੇ ਜਸ਼ਠ
– ਸੁੰਦਰਪਾਲ ਪ੍ਰੇਮੀ 5
ਰੱਖੜੀ
– ਬਲਵਿੰਦਰ 'ਬਾਲਮ' 11
ਤੀਆਂ ਦੀ ਰੌਣਕ
– ਸੁਰਜੀਤ ਦੇਵਲ 18
ਸੁਨਹਿਰੀ ਰੱਖੜੀ
– ਰਣਜੀਤ ਆਜ਼ਾਦ 26
ਵੱਧ ਗਿਆ ਹੈ ਪ੍ਰਦੂਸ਼ਣ
– ਤਿਲਕ ਰਾਜ 30
ਸੋਹਣਾ ਪਿਆਰਾ ਸਾਡਾ ਦੇਸ਼
– ਜਗਦੀਸ਼ 33


## ਵਿਸ਼ੇਸ਼ ਲੇਖ


ਝਾਂਸੀ ਵਾਲੀ ਰਾਣੀ
– ਦੀਦੀ ਠੈਨਤਾਰਾ 14
ਗੁਣਕਾਰੀ ਜਾਮੁਨ
– ਰਾਜਕੁਮਾਰ ਜੈਨ 24
ਸੈਲਫੀ ਤੋਂ ਸੈਲਫ ਨੂੰ ਬਚਾਉ
– ਦਮਨੇਸ਼ ਕੁਮਾਰ 31
ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ
– ਮਨਮੋਹਨ ਬਾਵਾ 32
ਕਿਉਂ ਕਰਦੀਆਂ ਮਧੂਮੱਖੀਆਂ ਡਾਂਸ
– ਡਾ. ਭਾਰਦਵਾਜ 35
ਕਿੱਥੋਂ ਆਉਂਦਾ ਹੈ ਮਾਠਸੂਨ
– ਕਮਲ ਸੋਗਾਠੀ 39
ਕੀੜੀਆਂ ਤੋਂ ਵੀ ਸਿਖ ਸਕਦਾ...
– ਡਾ. ਵਿਨੋਦ ਗੁਪਤਾ 40

# ਆਜਾਦੀ – ਇਕ ਜਿੰਮੇਵਾਰੀ

ਅੱਜ ਸਕੂਲ ਵਿਚ ਚਾਰੇ ਪਾਸੇ ਗਹਿਮਾ-ਗਹਿਮੀ ਸੀ। ਸਾਰੇ ਬੱਚੇ ਨਵੇਂ-ਨਵੇਂ ਕਪੜੇ ਪਾਈ ਹਥਾਂ ਵਿਚ ਅਲਗ-ਅਲਗ ਸਾਈਜ ਦੇ ਤਿਰੰਗੇ ਝੰਡੇ ਫੜੀ ਸਕੂਲ ਵੱਲ ਤੁਰਦੇ ਆ ਰਹੇ ਸਨ। ਸਭ ਦੇ ਚਿਹਰਿਆਂ ਤੇ ਅਨੋਖੀ ਹੀ ਖੁਸ਼ੀ ਝਲਕ ਰਹੀ ਸੀ। ਹੋਵੇ ਵੀ ਕਿਉਂ ਨਾ ! ਅੱਜ ਸਕੂਲ ਵਿਚ ਆਜਾਦੀ ਦਾ ਪੁਰਬ ਮਨਾਇਆ ਜਾ ਰਿਹਾ ਸੀ।

ਥੋੜੀ ਹੀ ਦੇਰ ਵਿਚ ਬੱਚੇ ਸਕੂਲ ਦੇ ਆਂਗਨ ਵਿਚ ਪਹੁੰਚਣੇ ਸ਼ੁਰੂ ਹੋ ਗਏ। ਕੌਮੀ ਤਰਾਨੇ ਗਾਏ ਜਾਣ ਲਗੇ। ਮੁਖ ਮਹਿਮਾਨ ਦੇ ਰੂਪ ਵਿਚ ਸਕੂਲ ਦੇ ਪ੍ਰਿੰਸੀਪਲ ਸਾਹਿਬ ਦੇ ਉਥੇ ਪਹੁੰਚਦਿਆਂ ਹੀ ਮਾਹੌਲ ਹੋਰ ਜਿਆਦਾ ਖੁਸ਼ਨੁਮਾ ਹੋ ਗਿਆ ਸੀ। ਜਿਵੇਂ ਹੀ ਉਨ੍ਹਾਂ ਤਿਰੰਗਾ ਫਹਿਰਾਇਆ, ਰਾਸ਼ਟਰੀ ਗਾਨ ਗਾਇਆ ਗਿਆ। ਚਾਰੇ ਪਾਸੇ 'ਜੈ ਹਿੰਦ' ਦਾ ਜੈਕਾਰਾ ਗੂੰਜਣ ਲਗਿਆ।

ਸਕੂਲ ਦੇ ਪ੍ਰਿੰਸੀਪਲ ਸਾਹਿਬ ਨੇ ਮਾਇਕ ਤੇ ਆ ਕੇ ਕਹਿਣਾ ਸ਼ੁਰੂ ਕੀਤਾ- ਪਿਆਰੇ ਬੱਚਿਓ! ਅੱਜ ਅਸੀਂ ਅਪਣੇ ਦੇਸ਼ ਦੀ ਆਜਾਦੀ ਦਾ ਪੁਰਬ ਮਨਾਉਂਦੇ ਹੋਏ ਕਿੰਨੇ ਖੁਸ਼ ਹਾਂ। ਦੇਸ਼ ਨੂੰ ਇਹ ਆਜਾਦੀ ਦਵਾਉਣ ਲਈ ਅਨੇਕਾਂ ਹੀ ਦੇਸ਼ ਭਗਤਾਂ ਨੇ ਆਪਣੇ ਜੀਵਨ ਦੀ ਕੁਰਬਾਨੀ ਦਿਤੀ ਸੀ। ਅਨੇਕਾਂ ਸੁਤੰਤਰਤਾ ਸੈਨਾਨੀਆਂ ਦੇ ਪਰਿਵਾਰਾਂ ਨੇ ਅਨੇਕਾਂ ਤਸੀਹੇ ਸਹਿਨ ਕੀਤੇ ਸਨ। ਅਨੇਕਾਂ ਨੇਤਾਵਾਂ ਨੇ ਆਜ਼ਾਦੀ ਪ੍ਰਾਪਤੀ ਦੇ ਸੰਘਰਸ਼ ਵਿਚ ਅਪਣੀ ਪੂਰੀ ਜਵਾਨੀ ਗੁਜਾਰ ਦਿਤੀ ਸੀ ਤਾਂ ਜਾ ਕੇ ਕਿਤੇ ਦੇਸ਼ ਨੂੰ ਆਜਾਦੀ ਹਾਸਿਲ ਹੋਈ ਸੀ।

ਪਿਆਰੇ ਬੱਚਿਓ ! ਸਾਡੀ ਆਜ਼ਾਦੀ ਦਾ ਇਤਿਹਾਸ ਬਹੁਤ ਗੌਰਵਮਈ ਹੈ। ਨਿਸੁਆਰਥ ਭਾਵਨਾ ਨਾਲ ਦੇਸ਼ ਦੀ ਆਜਾਦੀ ਲਈ ਕੀਤੇ ਗਏ ਸੰਘਰਸ਼ ਦੀਆਂ ਮਜਬੂਤ ਨੀਹਾਂ ਤੇ ਆਜਾਦੀ ਦਾ ਮਹਿਲ ਉਸਰਿਆ ਹੈ। ਅਸੀਂ ਇਸ ਆਜਾਦੀ ਦੀ ਸੰਭਾਲ ਕਰਨੀ ਹੈ। ਆਜ਼ਾਦੀ ਦਾ ਜਿਥੇ ਆਨੰਦ ਮਾਣਨਾ ਹੈ, ਉਥੇ ਉਨ੍ਹਾਂ ਦੇਸ਼ ਭਗਤਾਂ, ਸੁਤੰਤਰਤਾ ਸੈਨਾਨੀਆਂ ਦੇ ਪਰਿਵਾਰਾਂ ਪ੍ਰਤੀ ਵੀ ਸਾਡੀ ਜਿੰਮੇਵਾਰੀ ਬਣਦੀ ਹੈ ਕਿ ਉਨ੍ਹਾਂ ਦੇ ਅਹਿਸਾਨਾਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਪ੍ਰਤੀ ਨਤਮਸਤਕ ਰਹੀਏ; ਉਨ੍ਹਾਂ ਦੀ ਕਦਰ ਕਰੀਏ ਅਤੇ ਆਜਾਦੀ ਦੀ ਸੰਭਾਲ ਲਈ; ਦੇਸ਼ ਦੀ ਖੁਸ਼ਹਾਲੀ ਲਈ ਅਪਣੇ ਅਪਣੇ ਫਰਜ਼ਾਂ ਪ੍ਰਤੀ ਸਚੇਤ ਰਹੀਏ। ਅਧਿਕਾਰਾਂ ਦੀ ਥਾਂ ਫਰਜਾਂ ਨੂੰ ਪਹਿਲ ਦਈਏ ਤਾਂਕਿ ਸਾਡੀ ਆਜਾਦੀ ਦੀ ਉਮਰ ਲੰਮੇਰੀ ਹੋਵੇ, ਯੁੱਗਾਂ-ਯੁੱਗਾਂ ਤਕ ਤਿਰੰਗਾ ਲਹਿਰਾਉਂਦਾ ਰਹੇ ਅਤੇ ਦੇਸ਼ ਦਾ ਨਾਂ ਸੰਸਾਰ ਭਰ ਉੱਚਾ ਰਹੇ।

ਸਾਰੇ ਬੱਚਿਆਂ ਨੇ ਤਾਲੀਆਂ ਦੀ ਗੂੰਜਦੀ ਆਵਾਜ਼ ਅਤੇ 'ਜੈ ਹਿੰਦ' ਦੇ ਉਦਘੋਸ਼ ਨਾਲ ਪ੍ਰਿੰਸੀਪਲ ਸਾਹਿਬ ਦੇ ਵਿਚਾਰਾਂ ਨਾਲ ਅਪਣੀ ਸਹਿਮਤੀ ਪ੍ਰਗਟਾਈ।



ਸੁਲੇਖ 'ਸਾਥੀ'
ssathi_2007@yahoo.com

❑ ਸੁੰਦਰਪਾਲ ਪ੍ਰੇਮੀ

# ਅਜ਼ਾਦੀ ਦੇ ਜਸ਼ਨ



ਆਉ ! ਆਪਾਂ ਆਜ਼ਾਦੀ ਦੇ ਜਸ਼ਨ ਮਨਾ ਲਈਏ।
ਰਲਮਿਲ ਸਾਰੇ ਗੀਤ ਖੁਸ਼ੀ ਦੇ ਗਾ ਲਈਏ।


ਆਜ਼ਾਦੀ ਤਾਂ ਮਿੱਤਰੋ ਇਕ ਅਨਮੋਲ ਮੋਤੀ ਹੈ।
ਇਸ ਵਿਚ ਜਗਦੀ ਸ਼ਹੀਦਾਂ ਦੀ ਜੋਤੀ ਹੈ।
ਆਉ ! ਇਸ ਅੱਗੇ ਆਪਾਂ ਸੀਸ ਝੁਕਾ ਲਈਏ।
ਰਲਮਿਲ ਸਾਰੇ ਗੀਤ – – – – –

ਕੁਰਬਾਨੀਆਂ ਨਾਲ ਨਸੀਬ ਹੋਈ ਹੈ ਅਜ਼ਾਦੀ।
ਆਪਾਂ ਹੋਣ ਨਹੀਂ ਦੇਣੀ ਹਿੰਸਾ ਵਿਚ ਬਰਬਾਦੀ।
ਆਉ ! ਤਿਰੰਗੇ ਅੱਗੇ ਆਪਾਂ ਕਸਮਾਂ ਖਾ ਲਈਏ।
ਰਲਮਿਲ ਸਾਰੇ ਗੀਤ – – – – –

ਆਜ਼ਾਦੀ ਵਿਚ ਆਉਂਦਾ ਜਿਉਂਣ ਦਾ ਨਜਾਰਾ ਹੈ।
ਗੁਲਾਮੀ ਵਿਚ ਜੀਵਨ ਲਗਦਾ ਖਾਰਾ-ਖਾਰਾ ਹੈ।
ਆਉ ! ਇਹ ਸੱਚ ਸਭ ਦੇ ਕੰਨਾਂ ਵਿਚ ਪਾ ਦਈਏ।
ਰਲਮਿਲ ਸਾਰੇ ਗੀਤ – – – –

ਦੇਸ਼ ਭਗਤਾਂ ਨੇ ਆਜ਼ਾਦੀ ਲਈ ਜੀਵਨ ਲਾਇਆ ਸੀ।
ਭਾਰਤ ਮਾਂ ਨੂੰ ਬੇੜੀਆਂ ਤੋਂ ਮੁਕਤ ਕਰਾਇਆ ਸੀ।
ਆਉ ! ਉਹਨਾਂ ਸ਼ਹੀਦਾਂ ਦੇ ਸੋਹਲੇ ਗਾ ਲਈਏ।
ਰਲਮਿਲ ਸਾਰੇ ਗੀਤ – – – –

ਚਾਰੇ ਪਾਸੇ ਆਪਾਂ ਖੁਸ਼ਹਾਲੀ ਲਿਆਉਂਣੀ ਏ।
ਭੁੱਖ, ਗਰੀਬੀ, ਬੇਰੁਜ਼ਗਾਰੀ ਮਿਟਾਉਂਣੀ ਏ।
ਆਉ ! 'ਪ੍ਰੇਮੀ' ਜਿੰਦ ਮਾਂ ਦੇ ਲੇਖੇ ਲਾ ਲਈਏ।
ਰਲਮਿਲ ਸਾਰੇ ਗੀਤ – – – –



ਕਹਾਣੀ : ਪਰਸ਼ੂਰਾਮ

# ਪਿਤਾ ਦੀ ਸਿਖਿਆ

ਬਹੁਤ ਪੁਰਾਣੀ ਗੱਲ ਹੈ। ਉਸ ਸਮੇਂ ਅਯੁਧਿਆ ਤੇ ਰਾਜਾ ਚੰਦਰਸੇਨ ਰਾਜ ਕਰਦੇ ਸਨ। ਚੰਦਰਸੇਨ ਇਕ ਦਿਆਲੂ ਅਤੇ ਨਿਆਂਪ੍ਰਿਯ ਰਾਜਾ ਤਾਂ ਸੀ ਹੀ ਨਾਲ ਹੀ ਉਹ ਸੱਚ ਅਤੇ ਅਹਿੰਸਾ ਦੇ ਵੀ ਪੁਜਾਰੀ ਸਨ। ਰਾਜ ਵਿੱਚ ਸਾਰੇ ਸੁਖੀ ਅਤੇ ਖੁਸ਼ ਰਹਿਣ, ਕਿਸੇ ਨੂੰ ਕੋਈ ਦੁੱਖ-ਦਰਦ ਨਾ ਹੋਵੇ, ਇਸੇ ਮੰਤਵ ਨਾਲ ਉਹ ਸ਼ਾਸ਼ਨ ਚਲਾਉਂਦੇ ਸਨ। ਪ੍ਰੰਤੂ ਅਜਿਹੇ ਬਹੁਤ ਸਾਰੇ ਵਿਅਕਤੀ ਹੁੰਦੇ ਹਨ ਜੋ ਗੁਆਂਢੀ ਦੀ ਪ੍ਰਸਿਧੀ ਵੇਖ ਕੇ ਉਸ ਨਾਲ ਈਰਖਾ ਕਰਦੇ ਹਨ। ਅਜਿਹਾ ਹੀ ਉਹਨਾਂ ਦੇ ਗੁਆਂਢੀ ਰਾਜ ਦਾ ਰਾਜਾ ਕਾਸ਼ੀ ਨਰੇਸ਼ ਨਾਰਾਇਣ ਸਿੰਘ ਸੀ। ਉਸ ਨੇ ਅਚਾਨਕ ਹੀ ਅਯੁਧਿਆ ਤੇ ਹਮਲਾ ਬੋਲ ਦਿੱਤਾ। ਰਾਜਾ ਚੰਦਰਸੇਨ ਨੇ ਅਜਿਹਾ ਸੋਚਿਆ ਵੀ ਨਹੀਂ ਸੀ ਅਤੇ ਨਾ ਹੀ ਉਹ ਯੁੱਧ ਕਰਨ ਲਈ ਤਿਆਰ ਸਨ। ਉਹਨਾਂ ਨੇ ਸੋਚਿਆ ਕਿ ਯੁੱਧ ਵਿੱਚ ਰਾਜ ਦੇ ਹਜ਼ਾਰਾਂ ਬੇਕਸੂਰ ਆਦਮੀ ਮਾਰੇ ਜਾਣਗੇ। ਵਿਅਰਥ ਦਾ ਖ਼ੂਨ-ਖ਼ਰਾਬਾ ਹੋਏਗਾ। ਉਹਨਾਂ ਨੇ ਉਸੇ ਰਾਤ ਰਾਜਧਾਨੀ ਨੂੰ ਛੱਡ ਦਿੱਤਾ, ਸੰਨਿਆਸੀ ਦਾ ਭੇਸ ਧਾਰਣ ਕੀਤਾ ਅਤੇ ਕਾਸ਼ੀ ਆ ਕੇ ਨਗਰ ਤੋਂ ਬਾਹਰ ਇਕ ਮੰਦਿਰ ਵਿੱਚ ਰਹਿਣ ਲੱਗੇ। ਉਹਨਾਂ ਦੇ ਨਾਲ ਉਹਨਾਂ ਦੀ ਰਾਣੀ ਵੀ ਸਾਧਵੀ ਦੇ ਭੇਸ ਵਿੱਚ ਰਹਿਣ ਲੱਗੀ। ਉਸ ਸਮੇਂ ਰਾਣੀ ਗਰਭਵਤੀ ਸੀ।

ਕੁਝ ਹੀ ਮਹੀਨਿਆਂ ਬਾਅਦ ਰਾਣੀ ਦੀ ਕੁੱਖ ਤੋਂ ਇਕ ਸੁੰਦਰ ਜਿਹੇ ਪੁੱਤਰ ਨੇ ਜਨਮ ਲਿਆ। ਚੰਦਰਸੇਨ ਨੇ ਪੁੱਤਰ ਦਾ ਨਾਮ ਸੂਰਯਸੇਨ ਰੱਖਿਆ। ਜਦ ਸੂਰਯਸੇਨ ਸਿਖਿਆ ਪ੍ਰਾਪਤ ਕਰਨ ਦੀ ਉਮਰ ਵਿੱਚ ਪਹੁੰਚਿਆ ਤਾਂ ਰਾਜਾ ਨੇ ਗੁਰੂਕੁਲ ਵਿੱਚ ਸਿਖਿਆ ਪ੍ਰਾਪਤ ਕਰਨ ਲਈ ਭੇਜ ਦਿੱਤਾ।





– ਦੁਸ਼ਮਣੀ, ਲੜਾਈ ਅਤੇ ਹਿੰਸਾ ਨੂੰ ਕੇਵਲ ਪ੍ਰੇਮਰੂਪੀ ਸ਼ਸ਼ਤਰ ਨਾਲ ਹੀ ਜਿੱਤਿਆ ਜਾ ਸਕਦਾ ਹੈ।

ਅਯੁਧਿਆ ਨਰੇਸ਼ ਨੂੰ ਰਾਣੀ ਦੇ ਨਾਲ ਫਾਂਸੀ ਦੇ ਦਿੱਤੀ ਗਈ। ਮਾਤਾ-ਪਿਤਾ ਦੇ ਇਸ ਅਚਾਨਕ ਵਿਛੋੜੇ ਨਾਲ ਸੂਰਯਸੇਨ ਨੂੰ ਬਹੁਤ ਡੂੰਘਾ ਦੁੱਖ ਪਹੁੰਚਿਆ। ਹੁਣ ਉਹ ਇੱਕਲਾ ਹੀ ਬੇਸਹਾਰਾ ਰਹਿ ਗਿਆ ਸੀ। ਉਸ ਨੇ ਥੋੜੇ ਜਿਹੇ ਪੈਸਿਆਂ ਤੇ ਕਾਸ਼ੀ ਨਰੇਸ਼ ਦੇ ਮਹਾਵਤ ਕੋਲ ਨੌਕਰੀ ਕਰ ਲਈ। ਕਾਸ਼ੀ ਨਰੇਸ਼ ਅਤੇ ਮਹਾਵਤ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਅਯੁਧਿਆ ਨਰੇਸ਼ ਦਾ ਕੋਈ ਪੁੱਤਰ ਵੀ ਹੈ।

ਇਕ ਦਿਨ ਕਾਸ਼ੀ ਨਰੇਸ਼ ਨੂੰ ਇਸ ਗੱਲ ਦਾ ਪਤਾ ਲਗ ਗਿਆ ਕਿ ਅਯੁਧਿਆ ਨਰੇਸ਼ ਚੰਦਰਸੇਨ ਅਯੁਧਿਆ ਤੋਂ ਆ ਕੇ ਆਪਣੀ ਰਾਣੀ ਨਾਲ ਸਾਧੂ ਭੇਸ ਵਿੱਚ ਉਸੇ ਦੇ ਰਾਜ ਕਾਸ਼ੀ ਵਿੱਚ ਰਹਿ ਰਹੇ ਹਨ। ਫਿਰ ਕੀ ਸੀ, ਰਾਜਾ ਨੇ ਦੋਹਾਂ ਨੂੰ ਕੈਦੀ ਬਣਾ ਲਿਆ। ਉਸਦੇ ਬਾਅਦ ਦੋਹਾਂ ਨੂੰ ਮੌਤ ਦੀ ਸਜਾ ਦਾ ਆਦੇਸ਼ ਦਿੱਤਾ। ਮਾਤਾ-ਪਿਤਾ ਦੀ ਮੌਤ ਦੀ ਸਜਾ ਦੀ ਖਬਰ ਸੁਣ ਕੇ ਪੁੱਤਰ ਸੂਰਯਸੇਨ ਉਹਨਾਂ ਦੇ ਅੰਤਿਮ ਦਰਸ਼ਨ ਕਰਨ ਲਈ ਜੇਲ੍ਹ ਵਿੱਚ ਗਿਆ। ਪੁੱਤਰ ਨੂੰ ਪਿਆਰ ਕਰਕੇ ਪਿਤਾ ਨੇ ਅੰਤਿਮ ਸਮੇਂ ਵਿੱਚ ਕੁਝ ਗੱਲਾਂ ਤੇ ਚੱਲਣ ਦਾ ਉਪਦੇਸ਼ ਦਿਤਾ ਅਤੇ ਕਿਹਾ –

– ਪੁੱਤਰ ! ਇਹ ਯਾਦ ਰਹੇ ਕਿ ਹਿੰਸਾ ਕਦੇ ਵੀ ਹਿੰਸਾ ਨਾਲ ਹਾਰਦੀ ਨਹੀਂ ਹੈ।

– ਲੜਾਈ ਨੂੰ ਕਦੇ ਲੜਾਈ ਨਾਲ ਨਹੀਂ ਜਿੱਤਿਆ ਜਾ ਸਕਦਾ।

– ਦੁਸ਼ਮਣੀ ਨਾਲ ਦੁਸ਼ਮਣੀ ਕਦੇ ਵੀ ਖ਼ਤਮ ਨਹੀਂ ਹੁੰਦੀ।

ਸੂਰਯਸੇਨ ਨੂੰ ਮੁਰਲੀ ਵਜਾਉਣ ਦਾ ਬੜਾ ਸ਼ੌਕ ਸੀ। ਉਹ ਰੋਜ਼ ਸਵੇਰੇ ਮੁਰਲੀ ਦੀ ਮਧੁਰ ਤਾਨ ਛੇੜਦਾ ਸੀ। ਇਕ ਦਿਨ ਉਸਦੀ ਮੁਰਲੀ ਦੀ ਮਧੁਰ ਧੁਨੀ ਕਾਸ਼ੀ ਨਰੇਸ਼ ਦੇ ਕੰਨਾਂ ਵਿੱਚ ਪਈ ਤਾਂ ਉਹ ਉਸਦੇ ਸੁਰਾਂ ਵਿੱਚ ਗਵਾਚ ਕੇ ਕੁਝ ਦੇਰ ਆਪਣੀ ਸੁਧ-ਬੁਧ ਗਵਾ ਬੈਠਾ। ਰਾਜਾ ਨੇ ਮਹਾਵਤ ਨੂੰ ਬੁਲਾ ਕੇ ਪੁੱਛਿਆ – ਤੁਹਾਡੇ ਘਰ ਵਿੱਚ ਸਵੇਰੇ-ਸਵੇਰੇ ਮਿੱਠੇ ਸੁਰਾਂ ਵਿੱਚ ਮੁਰਲੀ ਕੌਣ ਵਜਾਉਂਦਾ ਹੈ?

ਮਹਾਵਤ ਨੇ ਉੱਤਰ ਦਿੱਤਾ – ਮਹਾਰਾਜ, ਇਕ ਅਨਾਥ ਲੜਕਾ ਹੈ। ਮੈਂ ਉਹਨੂੰ ਹਾਥੀਆਂ ਨੂੰ ਪਾਣੀ





ਪਿਲਾਉਣ ਲਈ ਨੌਕਰ ਰੱਖਿਆ ਹੈ। ਉਹਨੂੰ ਹੀ ਸਵੇਰੇ ਮੁਰਲੀ ਵਜਾਉਣ ਦਾ ਸ਼ੌਕ ਹੈ।

ਕਾਸ਼ੀ ਨਰੇਸ਼ ਨੇ ਮਹਾਵਤ ਨੂੰ ਕਿਹਾ- ਉਸ ਲੜਕੇ ਨੂੰ ਮੇਰੇ ਕੋਲ ਲੈ ਕੇ ਆਉਣਾ।

ਰਾਜਾ ਦੀ ਆਗਿਆ ਦੇ ਅਨੁਸਾਰ ਮਹਾਵਤ ਸੂਰਯਸੇਨ ਨੂੰ ਕਾਸ਼ੀ ਨਰੇਸ਼ ਕੋਲ ਲੈ ਗਿਆ। ਨਰੇਸ਼ ਨੇ ਵੇਖਿਆ ਸੂਰਯਸੇਨ ਇਕ ਤੇਜ਼ਸਵੀ, ਲੰਮਾ, ਬਲਸ਼ਾਲੀ, ਸੁੰਦਰ ਅਤੇ ਗੋਰੇ ਰੰਗ ਦਾ ਨੌਜਵਾਨ ਹੈ। ਉਸਦੇ ਚਿਹਰੇ ਤੋਂ ਲੱਗਦਾ ਸੀ ਜਿਵੇਂ ਉਹ ਕਿਤੋਂ ਦਾ ਰਾਜਕੁਮਾਰ ਹੋਵੇ। ਕਾਸ਼ੀ ਨਰੇਸ਼ ਨੇ ਉਸ ਦੀ ਕੱਦ-ਕਾਠੀ ਅਤੇ ਰੰਗ ਰੂਪ ਤੋਂ ਪ੍ਰਭਾਵਿਤ ਹੋ ਕੇ ਉਹਨੂੰ ਆਪਣਾ ਅੰਗਰੱਖਿਅਕ ਨਿਯੁਕਤ ਕਰ ਲਿਆ।

ਇਕ ਦਿਨ ਕਾਸ਼ੀ ਨਰੇਸ਼ ਸ਼ਿਕਾਰ ਖੇਡਣ ਲਈ ਗਿਆ। ਘਣੇ ਜੰਗਲ ਵਿੱਚ ਰਾਹ ਭਟਕ ਕੇ ਉਹ ਆਪਣੇ ਬਾਕੀ ਸਾਥੀਆਂ ਤੋਂ ਵਿਛੜ ਗਿਆ। ਇਕ ਘੋੜੇ ਤੇ ਰਾਜਾ ਸੀ ਅਤੇ ਦੂਸਰੇ ਤੇ ਉਸਦਾ ਅੰਗਰੱਖਿਅਕ ਸੂਰਯਸੇਨ। ਦੋਵੇਂ ਹੀ ਥੱਕ ਕੇ ਚੂਰ ਹੋ ਗਏ ਸਨ। ਇਸ ਲਈ ਇਕ ਰੁੱਖ ਦੀ ਛਾਂ ਹੇਠਾਂ ਜਾ ਬੈਠੇ। ਗਰਮੀ ਦੇ ਦਿਨ ਸਨ, ਰਾਜਾ ਬਹੁਤ ਥੱਕ ਗਿਆ ਸੀ: ਇਸ ਲਈ ਉਹ ਸੂਰਯਸੇਨ ਦੀ ਗੋਦ ਨੂੰ ਸਰਾਹਣਾ ਬਣਾ ਕੇ ਇਕਦਮ ਗਹਿਰੀ ਨੀਂਦ ਵਿੱਚ ਖਰਾਟੇ ਭਰਨ ਲੱਗਾ। ਕਾਸ਼ੀ ਨਰੇਸ਼ ਗਹਿਰੀ ਨੀਂਦ ਵਿੱਚ ਸੁੱਤਾ ਸੀ, ਤਦ ਸੂਰਯਸੇਨ ਨੂੰ ਧਿਆਨ ਆਇਆ ਕਿ ਇਹ ਉਹੀ ਕਰੂਰ ਰਾਜਾ ਹੈ ਜਿਸ ਨੇ ਮੇਰੇ ਨਿਰਦੋਸ਼ ਮਾਤਾ-ਪਿਤਾ ਨੂੰ ਫਾਂਸੀ ਤੇ ਲਟਕਾਇਆ ਸੀ। ਇਸ ਤੋਂ ਚੰਗਾ ਮੌਕਾ ਹੋਰ ਕੀ ਹੋਏਗਾ? ਕਿਉਂ ਨਾ ਉਹਨਾਂ ਦੇ ਖ਼ੂਨ ਦਾ ਬਦਲਾ ਅੱਜ ਇਸਦੇ ਪ੍ਰਾਣ ਲੈ ਕੇ ਲੈ ਲਵਾਂ। ਉਸ ਦੀਆਂ ਅੱਖਾਂ ਵਿੱਚ ਬਦਲੇ ਦੀ ਜਵਾਲਾ ਦਹਿਕ ਉਠੀ। ਉਸਨੇ ਤੁਰੰਤ ਮਿਆਨ ਵਿਚੋਂ ਤਲਵਾਰ ਖਿਚ ਲਈ। ਜਿਉਂ ਹੀ ਉਸਨੇ ਤਲਵਾਰ ਉਠਾਈ, ਪਿਤਾ ਦਾ ਉਪਦੇਸ਼ ਉਹਨੂੰ ਇਕਦਮ ਯਾਦ ਆ ਗਿਆ - 'ਯਾਦ ਰਹੇ ਕਿ ਹਿੰਸਾ ਕਦੇ ਵੀ ਹਿੰਸਾ ਨਾਲ ਨਹੀਂ ਹਾਰਦੀ।' ਕੁਝ ਦੇਰ ਉਹ ਵਿਚਾਰਾਂ ਵਿੱਚ ਡੁੱਬਾ ਰਿਹਾ। ਫਿਰ ਚੁਪਚਾਪ ਤਲਵਾਰ ਮਿਆਨ ਵਿੱਚ ਰੱਖ ਲਈ। ਥੋੜੇ ਸਮੇਂ ਬਾਅਦ ਰਾਜਾ ਦੀ ਅੱਖ ਖੁਲ੍ਹ ਗਈ। ਬੈਠਦੇ ਹੋਏ ਕਾਸ਼ੀ ਨਰੇਸ਼ ਨੇ ਕਿਹਾ - ਸੂਰਯਸੇਨ! ਅੱਜ ਮੈਂ ਇਕ ਬਹੁਤ ਬੁਰਾ ਸੁਪਨਾ ਵੇਖਿਆ ਹੈ। ਮੈਨੂੰ ਇੰਝ ਲੱਗਿਆ ਜਿਵੇਂ ਕੋਈ ਨੰਗੀ ਤਲਵਾਰ ਲੈ ਕੇ ਮੇਰੀ ਗਰਦਨ ਵੱਡਣ ਲਈ ਮੇਰੇ ਪਿਛੇ ਦੌੜ ਰਿਹਾ ਹੈ।

ਕਾਸ਼ੀ ਨਰੇਸ਼ ਦੀ ਗੱਲ ਸੁਣ ਕੇ ਸੂਰਯਸੇਨ ਨੇ ਤਲਵਾਰ ਮਿਆਨ ਤੋਂ ਫਿਰ ਬਾਹਰ ਖਿਚ ਲਈ ਅਤੇ ਬੋਲਿਆ- ਆਪ ਦਾ ਸੁਪਨਾ ਗਲਤ ਨਹੀਂ ਸੀ ਮਹਾਰਾਜ! ਮੈਂ ਅਯੁਧਿਆ ਨਰੇਸ਼ ਚੰਦਰਸੇਨ ਦਾ ਪੁੱਤਰ



ਹਾਂ। ਆਪ ਨੇ ਬਿਨਾ ਕਿਸੇ ਅਪਰਾਧ ਦੇ ਮੇਰੇ ਮਾਤਾ-ਪਿਤਾ ਨੂੰ ਮੌਤ ਦੇ ਘਾਟ ਉਤਾਰਿਆ ਹੈ, ਅੱਜ ਮੈਂ ਉਸਦਾ ਬਦਲਾ ਲਵਾਂਗਾ।

ਰਾਜਾ ਨੇ ਸੂਰਯਸੇਨ ਨੂੰ ਮੌਤ ਦੇ ਰੂਪ ਵਿੱਚ ਸਾਹਮਣੇ ਖੜਾ ਵੇਖ ਕੇ ਦੋਵੇਂ ਹੱਥ ਜੋੜ ਦਿੱਤੇ ਅਤੇ ਕਿਹਾ- ਬੇਟਾ ਮੈਨੂੰ ਮਾਫ਼ ਕਰ ਦੇ। ਮੈਂ ਤੇਰੇ ਤੋਂ ਆਪਣੇ ਜੀਵਨ ਦੀ ਭੀਖ ਮੰਗਦਾ ਹਾਂ। ਮੈਂ ਤੇਰੀ ਸ਼ਰਨ ਵਿੱਚ ਹਾਂ।

ਨਹੀਂ ਰਾਜਨ! ਜੇਕਰ ਮੈਂ ਆਪਨੂੰ ਜੀਵਨ ਦਾਨ ਦੇ ਦਿਤਾ ਤਾਂ ਆਪ ਮੈਨੂੰ ਵੀ ਪ੍ਰਾਣਦੰਡ ਦੇ ਕੇ ਮਰਵਾ ਦਿਉਗੇ।

- ਨਹੀਂ ਬੇਟਾ ਈਸ਼ਵਰ ਨੂੰ ਗਵਾਹ ਮੰਨ ਕੇ ਮੈਂ ਸਹੁੰ ਖਾਂਦਾ ਹਾਂ ਕਿ ਤੈਨੂੰ ਕੋਈ ਵੀ ਸਜਾ ਨਹੀਂ ਦੇਵਾਂਗਾ- ਰਾਜਾ ਨੇ ਕਿਹਾ।

ਸੂਰਯਸੇਨ ਨੇ ਤਲਵਾਰ ਨੂੰ ਵਾਪਸ ਮਿਆਨ ਵਿੱਚ ਰੱਖ ਲਿਆ ਅਤੇ ਆਪਣੇ ਪਿਤਾ ਦੁਆਰਾ ਦਿੱਤੇ ਗਏ ਉਪਦੇਸ਼ਾਂ ਦੇ ਵਿਸ਼ੇ ਵਿੱਚ ਰਾਜਾ ਨੂੰ ਦੱਸਿਆ ਅਤੇ ਕਿਹਾ - ਅੱਜ ਆਪਦੀ ਜਾਨ ਕੇਵਲ ਮੇਰੇ ਪਿਤਾ ਦੇ ਉਪਦੇਸ਼ ਦੇ ਕਾਰਣ ਹੀ ਬਚੀ ਹੈ ਨਹੀਂ ਤਾਂ ਮੇਰੇ ਤੇ ਤਾਂ ਬਦਲੇ ਦਾ ਭੂਤ ਸਵਾਰ ਸੀ।

ਰਾਜਾ ਨੇ ਉਤਸੁਕਤਾ ਨਾਲ ਪੁੱਛਿਆ - ਉਹ ਉਪਦੇਸ਼ ਕੀ ਹਨ ਪੁੱਤਰ! ਮੈਨੂੰ ਵੀ ਦੱਸੋ।

ਸੂਰਯਸੇਨ ਨੇ ਕਿਹਾ - ਮਹਾਰਾਜ! ਉਹਨਾਂ ਦਾ ਪਹਿਲਾ ਉਪਦੇਸ਼ ਸੀ ਕਿ ਹਿੰਸਾ ਨੂੰ ਅਧਿਕ ਦਿਨਾਂ ਤਕ ਦਿਲ ਵਿੱਚ ਵਸਾ ਕੇ ਨਹੀਂ ਰੱਖਣਾ ਅਤੇ ਆਪਣੇ ਮਿੱਤਰ ਦਾ ਦੋਸ਼ ਵੇਖ ਕੇ ਉਸ ਨਾਲੋਂ ਸਹਿਜੇ ਹੀ ਰਿਸ਼ਤਾ ਨਾ ਤੋੜ ਲੈਣਾ।' ਇਸੇ ਤਰ੍ਹਾਂ ਸੂਰਯਸੇਨ ਨੇ ਅਗੇ ਦੇ ਚਾਰ ਉਪਦੇਸ਼ ਵੀ ਦੱਸ ਦਿਤੇ। ਉਹਨਾਂ ਦੇ ਸਪੱਸ਼ਟੀਕਰਣ ਦੀ ਲੋੜ ਹੀ ਨਹੀਂ ਸੀ।

ਕਾਸ਼ੀ ਨਰੇਸ਼ ਰਾਜਾ ਚੰਦਰਸੇਨ ਦੇ ਉਪਦੇਸ਼ਾਂ ਨੂੰ ਸੁਣ ਕੇ ਗਦਗਦ ਹੋ ਉਠੇ। ਉਹਨਾਂ ਦੇ ਦਿਲ ਅਤੇ ਦਿਮਾਗ ਤੇ ਗਹਿਰਾ ਪ੍ਰਭਾਵ ਪਿਆ। ਉਹਨਾਂ ਦੀਆਂ ਅੱਖਾਂ ਵਿਚੋਂ ਪਛਤਾਵੇ ਦੇ ਹੰਝੂ ਵਹਿ ਨਿਕਲੇ। ਉਹ ਸੂਰਯਸੇਨ ਨੂੰ ਬੋਲੇ- ''ਪੁੱਤਰ ! ਤੂੰ ਮੇਰਾ ਪਾਪ ਨਸ਼ਟ ਕਰ ਦਿੱਤਾ ਹੈ। ਅੱਜ ਮੇਰੇ ਬਾਕੀ ਜੀਵਨ ਵਿੱਚ ਪੁੰਨ ਦਾ ਸੂਰਜ ਚੜ ਗਿਆ ਹੈ।'' ਇਹ ਕਹਿ ਕੇ ਉਹਨਾਂ ਨੇ ਸੂਰਯਸੇਨ ਨੂੰ ਛਾਤੀ ਨਾਲ ਲਗਾ ਲਿਆ।

ਵਾਪਸ ਆ ਕੇ ਉਹਨਾਂ ਨੇ ਸੂਰਯਸੇਨ ਨੂੰ ਉਸਦਾ ਰਾਜਪਾਟ ਵਾਪਸ ਕਰ ਦਿਤਾ।

ਪਿਆਰੇ ਬੱਚਿਉ! ਅਸਲ ਵਿੱਚ ਅਹਿੰਸਾ ਦੀ ਤਲਵਾਰ ਹਿੰਸਾ ਦੀ ਤਲਵਾਰ ਨਾਲੋਂ ਕਿਤੇ ਵੱਧ ਤੇਜ਼ ਹੈ।



# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਪਾਣੀ ਦਾ ਕੋਈ ਰੰਗ ਨਹੀਂ ਫਿਰ ਵੀ ਬੱਦਲ ਕਾਲੇ ਕਿਉਂ ਦਿਖਾਈ ਦਿੰਦੇ ਹਨ?

**ਉੱਤਰ :** ਸੂਰਜ ਦੀਆਂ ਕਿਰਣਾਂ ਸਫੇਦ ਹੁੰਦੀਆਂ ਹਨ ਜਿਸ ਵਿਚ ਸੱਤ ਵੱਖਰੇ-ਵੱਖਰੇ ਰੰਗਾਂ ਦਾ ਸੁਮੇਲ ਹੁੰਦਾ ਹੈ। ਸੂਰਜ ਦੀ ਰੋਸ਼ਨੀ ਜਿਸ ਵੀ ਚੀਜ਼ ਤੇ ਪੈਂਦੀ ਹੈ ਉਸ ਦੁਆਰਾ ਬਦਲੇ ਗਏ ਰੰਗ ਨੂੰ ਹੀ ਸਾਡੀਆਂ ਅੱਖਾਂ ਦੇਖ ਸਕਦੀਆਂ ਹਨ। ਦਰਅਸਲ ਬੱਦਲ ਦੀਆਂ ਬੂੰਦਾਂ ਅਤੇ ਸੂਰਜ ਦੀਆਂ ਕਿਰਣਾਂ ਦਾ ਰੰਗ ਸਫੇਦ ਹੀ ਹੁੰਦਾ ਹੈ। ਪਰ ਜਦ ਬੱਦਲਾਂ ਦੇ ਵੱਡੇ ਸਮੂਹ ਦੁਆਰਾ ਸੂਰਜ ਦੀਆਂ ਕਿਰਣਾਂ ਨੂੰ ਸਮੇਟ ਲਿਆ ਜਾਂਦਾ ਹੈ ਤਾਂ ਤੁਹਾਨੂੰ ਸਫੇਦ ਰੰਗ ਦੀ ਜਗ੍ਹਾ ਗਹਿਰੇ ਕਾਲੇ ਰੰਗ ਦਾ ਅਨੁਭਵ ਹੁੰਦਾ ਹੈ।



**ਪ੍ਰਸ਼ਨ :** ਰੁੱਤਾਂ ਕਿਉਂ ਆਉਂਦੀਆਂ ਜਾਂਦੀਆਂ ਹਨ?

**ਉਤਰ :** ਪ੍ਰਿਥਵੀ ਆਪਣੇ ਅਕਸ਼ ਤੇ ਸਾਢੇ ਤੇਈ ਡਿਗਰੀ ਝੁਕੀ ਹੋਈ ਹੈ। ਇਸੇ ਝੁਕਾਅ ਦੇ ਕਾਰਣ ਰੁੱਤਾਂ ਬਣਦੀਆਂ ਹਨ। ਆਪਣੇ ਅਕਸ਼ ਤੇ ਝੁਕੀ ਹੋਈ ਪ੍ਰਿਥਵੀ ਜਦ ਸੂਰਜ ਦੀ ਪਰਿਕਰਮਾ ਕਰਦੀ ਹੈ ਤਾਂ ਇਕ ਹੀ ਸਥਾਨ ਤੇ ਵੱਖ-ਵੱਖ ਸਮੇਂ ਵਿਚ ਸੂਰਜ ਦੀਆਂ ਕਿਰਣਾਂ ਦਾ ਝੁਕਾਅ ਵੱਖ-ਵੱਖ ਹੁੰਦਾ ਹੈ। ਇਸੇ ਕਾਰਣ ਉਸ ਸਥਾਨ ਤੇ ਸਰਦੀ ਜਾਂ ਗਰਮੀ ਦੀ ਰੁੱਤ ਬਣ ਜਾਂਦੀ ਹੈ। ਜਿਵੇਂ ਉੱਤਰੀ ਗੋਲਾਰਧ ਵਿਚ ਜਦ ਸੂਰਜ ਦੀਆਂ ਕਿਰਣਾ ਸਿੱਧੀਆਂ ਪੈਂਦੀਆਂ ਹਨ ਤਦ ਉਥੇ ਗਰਮੀ ਹੁੰਦੀ ਹੈ ਅਤੇ ਦੱਖਣੀ ਗੋਲਾਰਧ ਵਿਚ ਉਸ ਸਮੇਂ ਸਰਦੀ ਹੁੰਦੀ ਹੈ।

**ਪ੍ਰਸ਼ਨ :** ਕਾਗਜ਼ ਦੀ ਕਿਸ਼ਤੀ ਹਵਾ ਵਿਚ ਕਿਉਂ ਉਡੱਦੀ ਹੈ?


**ਉਤਰ :** ਬੱਚਿਉ ! ਤੁਸੀਂ ਕਾਗਜ਼ ਦੀ ਕਿਸ਼ਤੀ ਬਣਾ ਕੇ ਹਵਾ ਵਿਚ ਉਡਾਈ ਤਾਂ ਹੋਵੇਗੀ। ਜਾਣਦੇ ਹੋ ਕਾਗਜ਼ ਦੀ ਕਿਸ਼ਤੀ ਹਵਾ ਵਿਚ ਕਿਉਂ ਉਡੱਦੀ ਹੈ? ਦਰਅਸਲ, ਕਾਗਜ਼ ਦੀ ਉਪਰਲੀ ਪਰਤ ਦੇ ਉਤੇ ਵਹਿੰਦੀ ਹੋਈ ਹਵਾ ਜੋ ਦਬਾਅ ਬਣਾਂਦੀ ਹੈ ਉਹ ਦਬਾਅ ਉਸਦੇ ਥੱਲੇ ਦੇ ਦਬਾਅ ਤੋਂ ਘੱਟ ਹੁੰਦਾ ਹੈ ਜਿੱਥੇ ਹਵਾ ਸਥਿਰ ਹੈ, ਥੱਲੇ ਦਾ ਦਬਾਅ ਹੀ ਕਾਗਜ਼ ਨੂੰ ਉਪੱਰ ਵਲ ਉਡਾਂਦਾ ਹੈ। ਬਸ ਇਸੇ ਕਰਕੇ ਕਾਗਜ਼ ਦੀ ਬਣੀ ਕਿਸ਼ਤੀ ਹਵਾ ਵਿਚ ਉਡੱਦੀ ਹੈ। ❑

❑ ਬਲਵਿੰਦਰ 'ਬਾਲਮ'





# ਰੱਖੜੀ



ਭਰਾ ਤੇ ਭੈਣ ਦੇ ਸਤਿਕਾਰ ਦੀ ਪਹਿਚਾਣ ਹੈ ਰੱਖੜੀ।
ਪਵਿੱਤਰ ਪਿਆਰ ਅੰਦਰ ਰਿਸ਼ਤਿਆਂ ਦੀ ਜਾਨ ਹੈ ਰੱਖੜੀ।

ਗਗਨ ਤੇ ਧਰਤ ਤੋਂ ਉਚੇ ਤੇ ਸੁੱਚੇ ਰਿਸ਼ਤਿਆਂ ਅੰਦਰ,
ਘਰਾਂ ਦੀ ਆਨ ਹੈ ਰੱਖੜੀ, ਘਰਾਂ ਦੀ ਸ਼ਾਨ ਹੈ ਰੱਖੜੀ।

ਜਦੋਂ ਰੀਝਾਂ ਤੇ ਚਾਵਾਂ ਨਾਲ ਭਰਾ ਦੇ ਗੁਟ ਤੇ ਬੱਝ ਜਾਵੇ,
ਤਾਂ ਸਾਰੀ ਉਮਰ ਵੀਰੇ ਦੇ ਲਈ ਮਹਿਮਾਨ ਹੈ ਰੱਖੜੀ।

ਨਸੀਬਾਂ ਵਾਲਿਆਂ ਦੀ ਝੋਲ ਵਿੱਚ ਸੁੱਟਿਆ ਹੈ ਮਾਲਿਕ ਨੇ,
ਅਸੀਸਾਂ ਦਾ ਅਤੇ ਸ਼ੁਭਕਾਮਨਾ ਦਾ ਦਾਨ ਹੈ ਰੱਖੜੀ।

ਇਹਦੀ ਸ਼ਕਤੀ 'ਚ ਮਿਕਨਾਤਸ ਵਾਲੀ ਖਿੱਚ ਹੈ ਰਿਸ਼ਤੇ ਦੀ,
ਕਿਸੇ ਮੋਹ ਦੇ ਇਲਾਹੀ ਨੂਰ ਦਾ ਫਰਮਾਨ ਹੈ ਰੱਖੜੀ।



ਵਿਦੇਸ਼ਾਂ ਵਿੱਚ ਬੈਠੇ ਵੀਰ ਨੂੰ ਜਦ ਡਾਕ ਵਿੱਚ ਪਹੁੰਚੀ,
ਉਸ ਨੇ ਚੁੰਮ ਕੇ ਕਿਹਾ ਭੈਣੇਂ ! ਤੇਰੀ ਪਰਵਾਨ ਹੈ ਰੱਖੜੀ।

ਕੋਈ ਵੀ ਸ਼ੈਅ ਇਹਦੇ ਅੱਗੇ ਨਿਗੁਣੀ ਹੈ ਤੇ ਫਿੱਕੀ ਹੈ,
ਜ਼ਮਾਨੇ ਦੀ ਹਰੇਕ ਸ਼ੈਅ ਤੋਂ ਖਰਾ ਸਨਮਾਨ ਹੈ ਰੱਖੜੀ।

ਇਹ ਵੱਖਰੀ ਗੱਲ ਹੈ ਇਸ ਵਿੱਚ ਦਯਾ ਤੇ ਨਿਮਰਤਾ 'ਬਾਲਮ'
ਮਗਰ ਪਾਪੀ ਤੇ ਲੋਭੀ ਵਾਸਤੇ ਕਿਰਪਾਨ ਹੈ ਰੱਖੜੀ।

ਲੋਕ ਕਥਾ : ਪੁਸ਼ਕਰ

# ਅਕਲਮੰਦ ਲੜਕਾ



ਇਕ ਲੜਕਾ ਇਕ ਜ਼ਿਮੀਦਾਰ ਕਿਸਾਨ ਦੇ ਘਰ ਮਜ਼ਦੂਰੀ ਕਰਦਾ ਸੀ। ਕਿਸਾਨ ਅਤੇ ਉਸਦੀ ਪਤਨੀ ਬੇਹੱਦ ਕੰਜੂਸ ਸਨ। ਉਹ ਦੋਵੇਂ ਉਸ ਲੜਕੇ ਤੋਂ ਖੂਬ ਕੰਮ ਲੈਂਦੇ ਲੇਕਿਨ ਭੋਜਨ ਭਰਪੇਟ ਨਹੀਂ ਦਿੰਦੇ ਸਨ। ਲੜਕਾ ਬਹੁਤ ਪ੍ਰੇਸ਼ਾਨ ਰਹਿੰਦਾ।

ਇਕ ਦਿਨ ਲੜਕੇ ਨੇ ਆਪਣੀ ਪ੍ਰੇਸ਼ਾਨੀ ਅਤੇ ਆਪਣੇ ਮਾਲਿਕ ਨੂੰ ਸਬਕ ਸਿਖਾਉਣ ਦਾ ਹੱਲ ਲੱਭ ਲਿਆ। ਉਹ ਕੰਮ ਛੱਡਣਾ ਨਹੀਂ ਚਾਹੁੰਦਾ ਸੀ ਕਿਉਂਕਿ ਕੰਮ ਛੱਡਦਾ ਤਾਂ ਭੁੱਖਾ ਮਰਦਾ। ਅੰਤ ਇਕ ਦਿਨ ਜਦ ਕਿਸਾਨ ਨੇ ਲੜਕੇ ਨੂੰ ਖੇਤਾਂ ਵਿੱਚ ਕੰਮ ਕਰਨ ਲਈ ਭੇਜਿਆ ਤਾਂ ਕਿਸਾਨ ਦੀ ਪਤਨੀ ਨੇ ਇਕ ਡੱਬੇ ਵਿੱਚ ਉਸ ਲੜਕੇ ਦਾ ਖਾਣਾ ਰੱਖ ਦਿੱਤਾ। ਤਦ ਕਿਸਾਨ ਨੇ ਲੜਕੇ ਨੂੰ ਹਿਦਾਇਤ ਦਿੱਤੀ - ਕੰਮ ਕਰਕੇ ਜਲਦੀ ਆਉਣਾ। ਇਥੇ ਘਰ ਵਿੱਚ ਵੀ ਕਾਫੀ ਕੰਮ ਹੈ।

- ਠੀਕ ਹੈ। - ਲੜਕੇ ਨੇ ਜਵਾਬ ਦਿੱਤਾ ਅਤੇ ਖਾਣਾ ਲੈ ਕੇ ਚਲ ਪਿਆ। ਰਾਹ ਵਿੱਚ ਲੜਕੇ ਨੇ ਡਿੱਬੇ ਨੂੰ ਖੋਲ੍ਹ ਕੇ ਵੇਖਿਆ ਤਾਂ ਉਸ ਵਿੱਚ ਰੁੱਖੀ-ਸੁੱਖੀ ਰੋਟੀ ਅਤੇ ਆਚਾਰ ਸੀ। ਲੜਕਾ ਰਾਹ ਵਿੱਚ ਇਕ ਰੁੱਖ ਦੇ ਹੇਠਾਂ ਰੁਕਿਆ।

- ਨਮਸਤੇ ਰੁੱਖ ਦਾਦਾ।

- ਨਮਸਤੇ - ਰੁੱਖ ਵਲੋਂ ਲੜਕੇ ਨੇ ਖੁਦ ਜਵਾਬ ਵਿੱਚ ਕਿਹਾ।

- ਮੈਂ ਖੇਤ ਵਿੱਚ ਕੰਮ ਕਰਾਂ ਜਾਂ ਆਰਾਮ ਨਾਲ ਤੁਹਾਡੀ ਛਾਂ ਹੇਠਾ ਰਹਾਂ।

- ਆਰਾਮ ਨਾਲ ਲੇਟੋ - ਰੁੱਖ ਵਲੋਂ ਲੜਕੇ ਨੇ ਫਿਰ ਜਵਾਬ ਦਿਤਾ।

- ਪ੍ਰੰਤੂ ਆਪਣੇ ਡੱਬੇ ਤੋਂ ਵੀ ਪੁੱਛ ਲਉ। - ਰੁੱਖ ਵਲੋਂ ਲੜਕੇ ਨੇ ਖੁਦ ਕਿਹਾ।

- ਡੱਬੇ ਤੋਂ ਕੀ ਪੁੱਛਣਾ। ਉਸ ਵਿੱਚ ਤਾਂ ਰੁੱਖੀ-ਸੁਖੀ ਰੋਟੀ ਅਤੇ ਆਚਾਰ ਹੈ। ਡਿੱਬਾ ਤਾਂ ਬਿਲਕੁਲ ਹੀ ਆਰਾਮ ਕਰਨ ਨੂੰ ਕਹਿੰਦਾ ਹੈ। - ਲੜਕੇ ਨੇ ਭਰੋਸੇ ਨਾਲ ਕਿਹਾ।

- ਫਿਰ ਠੀਕ ਹੈ। - ਰੁੱਖ ਵੱਲੋਂ ਲੜਕੇ ਨੇ ਸਹਿਮਤੀ ਦਿੱਤੀ। ਆਖਿਰ ਭੁੱਖੇ ਪੇਟ ਨਾਲ ਤਾਂ ਮਿਹਨਤ ਨਹੀਂ ਕੀਤੀ ਜਾ ਸਕਦੀ।

ਲੜਕਾ ਰੁੱਖ ਦੇ ਹੇਠਾਂ ਲੇਟ ਕੇ ਆਰਾਮ ਕਰਨ ਲੱਗਾ।

ਕਿਸਾਨ ਨੂੰ ਜਦ ਪਤਾ ਲੱਗਾ ਕਿ ਖੇਤ ਵਿੱਚ ਕੁਝ ਵੀ ਕੰਮ ਨਹੀਂ ਹੋਇਆ ਅਤੇ ਉਹ ਲੜਕਾ ਇਕ ਰੁੱਖ ਹੇਠਾਂ ਆਰਾਮ ਨਾਲ ਲੇਟਿਆ ਰਹਿੰਦਾ ਹੈ ਤਾਂ ਉਹ ਅਗਲੇ ਦਿਨ ਲੜਕੇ ਦੇ ਪਿਛੇ-ਪਿਛੇ ਗਿਆ ਅਤੇ ਵੇਖਿਆ ਕਿ ਲੜਕਾ ਇਕ ਰੁੱਖ ਦੇ ਹੇਠਾਂ ਲੇਟਿਆ ਹੋਇਆ ਹੈ।

- ਕਿਉਂ ਬਈ, ਕੀ ਕਰ ਰਿਹਾ ਹੈ ਇਥੇ? ਇਹ ਕਿਹੜੀ ਖੇਡ ਹੈ ਜੋ ਤੂੰ ਖੇਡ ਰਿਹਾ ਹੈ? ਤੂੰ ਖੇਤ ਵਿੱਚ ਜਰਾ ਵੀ ਕਟਾਈ ਦਾ ਕੰਮ ਨਹੀਂ ਕੀਤਾ। ਤੂੰ ਖੇਤ ਵਿੱਚ ਕਟਾਈ ਦਾ ਕੰਮ ਕਦੋਂ ਕਰੇਂਗਾ? - ਕਿਸਾਨ ਨੇ ਡਾਂਟ ਕੇ ਲੜਕੇ ਤੋਂ ਪੁੱਛਿਆ।

– ਜਦ ਮੈਨੂੰ ਡਿੱਬੇ ਦਾ ਆਦੇਸ਼ ਮਿਲੇਗਾ, ਤਦ ਮੈਂ ਖੇਤ ਤੇ ਕੰਮ ਕਰਾਂਗਾ। – ਲੜਕੇ ਨੇ ਉੱਤਰ ਦਿੱਤਾ। ਫਿਰ ਲੜਕੇ ਨੇ ਕਿਹਾ – ਹਾਲਾਂ ਖਾਣੇ ਦੇ ਡਿੱਬੇ ਅਤੇ ਰੁੱਖ ਦੀ ਆਗਿਆ ਨਹੀਂ ਹੋਈ ਹੈ ਕਿ ਮੈਂ ਖੇਤ ਦੀ ਕਟਾਈ ਕਰਾਂ। -ਕਿਸਾਨ ਚੁਪਚਾਪ ਘਰ ਵਾਪਸ ਚਲਾ ਗਿਆ। ਉਸਨੇ ਦੂਸਰੇ ਦਿਨ ਆਪਣੀ ਪਤਨੀ ਨੂੰ ਕਿਹਾ – ਲੜਕੇ ਨੂੰ ਅੱਜ ਡੱਬੇ ਵਿੱਚ ਹਲਵਾ-ਪੂਰੀ ਦੇਣਾ।

ਲੜਕਾ ਦੂਸਰੇ ਦਿਨ ਡੱਬੇ ਵਿੱਚ ਖਾਣਾ ਲੈ ਕੇ ਚਲਿਆ। ਉਸਨੇ ਉਸੇ ਰੁੱਖ ਦੇ ਹੇਠਾਂ ਜਾ ਕੇ ਡੱਬੇ ਨੂੰ ਖੋਲ੍ਹ ਕੇ ਵੇਖਿਆ। ਉਸ ਵਿੱਚ ਹਲਵਾ-ਪੂਰੀ ਵੇਖ ਕੇ ਖੁਸ਼ ਹੋਇਆ। ਉਸਨੇ ਭਰਪੇਟ ਹਲਵਾ-ਪੂਰੀ ਖਾਧਾ। ਫਿਰ ਰੁੱਖ ਤੋਂ ਉਸੇ ਪ੍ਰਕਾਰ ਪੁੱਛਿਆ – ਰੁੱਖ ਭਾਈ, ਕੀ ਅੱਜ ਵੀ ਆਰਾਮ ਕਰਨਾ ਚਾਹੀਦਾ ਹੈ?

– ਇਹ ਡਿੱਬੇ ਤੋਂ ਪੁੱਛੋ – ਰੁੱਖ ਵਲੋਂ ਲੜਕੇ ਨੇ ਕਿਹਾ- ਹਾਂ, ਅੱਜ ਆਰਾਮ ਨਹੀਂ, ਖੇਤ ਵਿੱਚ ਕੰਮ ਕਰਨਾ ਚਾਹੀਦਾ ਹੈ। – ਡੱਬੇ ਵੱਲੋਂ ਲੜਕੇ ਨੇ ਕਿਹਾ।

ਲੜਕਾ ਪੂਰੀ ਮਿਹਨਤ ਅਤੇ ਲਗਨ ਨਾਲ ਫਿਰ ਖੇਤ ਵਿੱਚ ਕਟਾਈ ਤੇ ਜੁਟ ਗਿਆ। ਉਸ ਦਿਨ ਉਸਨੇ ਖੇਤ ਵਿੱਚ ਕਾਫੀ ਕੰਮ ਕੀਤਾ।

– ਵਾਹ! ਦੋ ਦਿਨ ਦਾ ਕੰਮ ਤੂੰ ਇਕ ਹੀ ਦਿਨ ਵਿੱਚ ਕਰ ਦਿੱਤਾ। – ਕਿਸਾਨ ਨੇ ਸ਼ਾਮ ਨੂੰ ਖੇਤ ਤੇ ਆ ਕੇ ਲੜਕੇ ਨੂੰ ਖੁਸ਼ ਹੋ ਕੇ ਕਿਹਾ।

– ਕਿਉਂ ਡੱਬੇ ਭਾਈ, ਇਹ ਮਾਲਿਕ ਸਾਹਿਬ ਕੀ ਕਹਿ ਰਹੇ ਹਨ? – ਲੜਕੇ ਨੇ ਖਾਲੀ ਡੱਬੇ ਵੱਲ ਵੇਖਦੇ ਹੋਏ ਕਿਹਾ।

– ਇੰਝ ਹੀ ਪੇਟ ਭਰ ਵਧੀਆ ਭੋਜਨ ਮਿਲੇਗਾ ਤਾਂ ਅਗੇ ਵੀ ਇੰਝ ਹੀ ਦੋ ਦਿਨ ਦਾ ਕੰਮ ਇਕ ਹੀ ਦਿਨ ਵਿੱਚ ਹੋ ਸਕੇਗਾ। – ਡਿੱਬੇ ਵੱਲੋਂ ਲੜਕੇ ਨੇ ਕਿਹਾ ਤਾਂ ਕਿਸਾਨ ਅਸਲੀਅਤ ਸਮਝ ਗਿਆ।

ਹੁਣ ਕਿਸਾਨ ਕੰਜੂਸੀ ਛੱਡ ਕੇ ਲੜਕੇ ਨੂੰ ਵਧੀਆ ਅਤੇ ਭਰਪੇਟ ਭੋਜਨ ਦੇਣ ਦੇ ਨਾਲ-ਨਾਲ ਪਿਆਰ ਅਤੇ ਦੁਲਾਰ ਵੀ ਦੇਣ ਲੱਗਾ। ਲੜਕਾ ਵੀ ਇਮਾਨਦਾਰੀ ਅਤੇ ਲਗਨ ਨਾਲ ਕਿਸਾਨ ਦੇ ਪ੍ਰਤੀ ਸਮਰਪਿਤ ਭਾਵ ਨਾਲ ਕੰਮ-ਕਾਜ ਵੇਖਣ ਲੱਗਾ। ਉਸਨੇ ਆਪਣੀ ਅਕਲਮੰਦੀ ਨਾਲ ਮਾਲਿਕ ਕਿਸਾਨ ਦਾ ਹਿਰਦਾ ਬਦਲ ਦਿਤਾ ਸੀ। ■



❑ ਦੀਦੀ ਨੈਨਤਾਰਾ

# ਖ਼ੂਬ ਲੜੀ ਮਰਦਾਨੀ ਉਹ ਤਾਂ ਝਾਂਸੀ ਵਾਲੀ ਰਾਣੀ ਸੀ

ਭਾਰਤ ਦੀ ਵੀਰ ਸਪੁੱਤਰੀ ਅਤੇ ਅੰਗ੍ਰੇਜ਼ਾਂ ਦੇ ਖਿਲਾਫ ਲੋਹਾ ਲੈਣ ਵਾਲੀ ਮਹਾਰਾਣੀ ਲਕਸ਼ਮੀਬਾਈ ਨੂੰ ਕੌਣ ਨਹੀਂ ਜਾਣਦਾ। ਬਚਪਨ ਤੋਂ ਹੀ ਬੇਹੱਦ ਤੇਜ਼-ਤਰਾਰ ਅਤੇ ਪ੍ਰਤਿਭਾਸ਼ਾਲੀ ਰਾਣੀ ਲਕਸ਼ਮਈਬਾਈ ਦਾ ਜਨਮ 13 ਨਵੰਬਰ, 1835 ਨੂੰ ਵਾਰਾਣਸੀ ਉੱਤਰ ਪ੍ਰਦੇਸ਼ ਵਿੱਚ ਹੋਇਆ। ਪਿਤਾ ਦਾ ਨਾਮ ਮੋਰੋਪੰਤ ਤਾਂਬੇ ਅਤੇ ਮਾਤਾ ਦਾ ਨਾਂ ਭਾਗੀਰਥੀ ਬਾਈ ਸੀ। ਰਾਣੀ ਲਕਸ਼ਮੀਬਾਈ ਦਾ ਨਾਂ ਮਣੀਕਰਣਿਕਾ ਸੀ। ਚੰਚਲ ਵਿਚਾਰਾਂ ਅਤੇ ਖ਼ੂਬਸੂਰਤ ਹੋਣ ਕਾਰਣ ਇਹਨਾਂ ਨੂੰ ਪਿਆਰ ਨਾਲ ਮਨੂ ਕਿਹਾ ਜਾਂਦਾ ਸੀ।

**ਜਦੋਂ ਮਾਂ ਨੇ ਛੱਡਿਆ ਸਾਥ:-** ਮਨੂ ਜਦੋਂ ਚਾਰ ਸਾਲ ਦੀ ਸੀ ਤਾਂ ਉਹਨਾਂ ਦੀ ਮਾਂ ਦੀ ਮੌਤ ਹੋ ਗਈ। ਉਹ ਹਮੇਸ਼ਾਂ ਹੀ ਮਨੂ ਨੂੰ ਧਾਰਮਿਕ ਅਤੇ ਸੰਸਕ੍ਰਿਤੀ ਦੀਆਂ ਕਹਾਣੀਆਂ ਸੁਣਾਉਂਦੀ ਸੀ, ਪਰ ਮਾਂ ਦੀ ਮੌਤ ਤੋਂ ਬਾਅਦ ਉਹਨਾਂ ਦੇ ਪਾਲਣ-ਪੋਸ਼ਣ ਦੀ ਸਾਰੀ ਜ਼ਿੰਮੇਵਾਰੀ ਪਿਤਾ ਦੇ ਮੋਢਿਆਂ ਤੇ ਆ ਗਈ। ਮਾਂ ਦੀਆਂ ਕਹਾਣੀਆਂ ਅਤੇ ਪਿਤਾ ਦੁਆਰਾ ਰਾਜਸੀ ਪਰਿਵਾਰ ਵਿੱਚ ਲਗਾਤਾਰ ਆਉਣ-ਜਾਣ ਨਾਲ ਮਨੂ ਦੇ ਅੰਦਰ ਦੇਸ਼ ਲਈ ਕੁਝ ਕਰ ਗੁਜਰਣ ਦੀ ਜਿਗਿਆਸਾ ਜਾਗੀ।

**ਮੈਂ ਆਪਣੀ ਝਾਂਸੀ ਨਹੀਂ ਦੇਵਾਂਗੀ :-** ਉਸ ਸਮੇਂ ਅੰਗ੍ਰੇਜ਼ਾਂ ਦੀ ਕਬਜਾ ਕਰਨ ਦੀ ਨੀਤੀ ਸੀ। ਜਦੋਂ ਉਹਨਾਂ ਨੂੰ ਪਤਾ ਲਗਾ ਕਿ ਰਾਣੀ ਦੇ ਪੁੱਤਰ ਦਾ ਦੇਹਾਂਤ ਹੋ ਗਿਆ ਹੈ ਅਤੇ ਉਹਨਾਂ ਨੇ ਦਾਮੋਦਰਰਾਵ ਨੂੰ ਗੋਦ ਲਿਆ ਹੈ ਤਾਂ ਉਹ ਰਾਣੀ ਤੇ ਰਾਜ ਛੱਡਣ ਦਾ ਦਬਾ ਪਾਉਣ ਲੱਗੇ। ਉਹਨਾਂ ਨੇ ਰਾਣੀ ਨੂੰ ਪੈਂਸ਼ਨ ਦੇਣ ਦਾ ਵੀ ਪ੍ਰਸਤਾਵ ਰੱਖਿਆ, ਜਿਸ ਨੂੰ ਰਾਣੀ ਨੇ ਸਵੀਕਾਰ ਨਹੀਂ ਕੀਤਾ।

ਅੰਗ੍ਰੇਜ਼ ਜਨਰਲ ਹਿਊਰੋਜ ਨੇ ਗੁੱਸੇ ਨਾਲ ਝਾਂਸੀ ਤੇ ਹਮਲਾ ਕੀਤਾ। ਚਾਰੇ ਪਾਸੇ ਲਾਸ਼ਾਂ ਦੇ ਢੇਰ ਲੱਗ ਗਏ। ਅੰਗ੍ਰੇਜ਼ੀ ਅਤਿਆਚਾਰ ਤੋਂ ਪ੍ਰੇਸ਼ਾਨ ਰਾਣੀ ਨੇ ਦੋਹਾਂ ਹੱਥਾਂ ਵਿੱਚ ਤਲਵਾਰ ਲਈ, ਆਪਣੇ ਬੇਟੇ ਨੂੰ ਪਿੱਠ ਤੇ ਬੰਨ੍ਹ ਕੇ ਅੰਗ੍ਰੇਜ਼ ਸੈਨਿਕਾਂ ਨਾਲ ਸ਼ੇਰਨੀ ਦੀ ਤਰ੍ਹਾਂ ਲੜਨ ਲੱਗੀ। ਸਾਹਿਤਕਾਰ ਦੱਸਦੇ ਹਨ ਕਿ ਰਾਣੀ ਹਵਾ ਦੇ ਝੌਂਕੇ ਦੀ ਤਰ੍ਹਾਂ ਅੰਗ੍ਰੇਜ਼ ਸੈਨਿਕਾਂ ਵਿੱਚ ਆਉਂਦੀ ਸੀ ਅਤੇ ਦੂਜੇ ਹੀ ਪਲ ਬਿਜਲੀ ਦੀ ਰਫ਼ਤਾਰ ਨਾਲ ਸਾਰਿਆਂ ਨੂੰ ਧੂਲ ਚਟਾਉਂਦੇ ਹੋਏ ਦੂਜੇ ਕੋਨੇ ਤੇ ਪਹੁੰਚ ਜਾਂਦੀ ਸੀ।

ਕਈ ਦਿਨਾਂ ਦੀ ਲੜਾਈ ਵਿੱਚ ਉਹਨਾਂ ਦਾ ਘੋੜਾ ਮਾਰਿਆ ਗਿਆ ਸੀ ਅਤੇ ਕਿੰਗਸ ਰਾਇਲ ਆਯਰਿਸ਼ ਦੇ ਖਿਲਾਫ ਜਦੋਂ ਉਹ ਲੜ ਰਹੀ ਸੀ ਉਸ ਵੇਲੇ ਉਹਨਾਂ ਦਾ ਘੋੜਾ ਨਵਾਂ ਸੀ, ਜੋ ਨਹਿਰ ਨਹੀਂ ਪਾਰ ਕਰ ਸਕਿਆ। ਇਸ ਯੁੱਧ ਵਿੱਚ ਉਹਨਾਂ ਨੂੰ ਸਰੀਰਕ ਰੂਪ ਨਾਲ ਬਹੁਤ ਸੱਟਾਂ ਲੱਗੀਆਂ। ਆਖਿਰਕਾਰ ਰਾਣੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਜਦੋਂ ਉਹਨਾਂ ਨੂੰ ਕੋਈ ਵੀ ਮਦਦ ਨਹੀਂ ਮਿਲੀ ਤਾਂ ਉਹਨਾਂ ਦੀ ਪਿੱਠ ਤੇ ਕਿਸੇ ਨੇ ਧੋਖੇ ਨਾਲ ਵਾਰ ਕਰ ਦਿੱਤਾ ਅਤੇ ਉਹ ਸ਼ਹੀਦ ਹੋ ਗਈ।

ਉਹਨਾਂ ਦੀ ਮਦਦ ਕਰਨ ਵਾਲੇ ਖੁਦਾ ਬਕਸ਼, ਲਾਲਾ ਭਾਊ ਬਕਸ਼, ਗੁਲਾਮ ਖਾਨ, ਨਾਨਾ ਸਾਹਿਬ, ਤਾਤਯਾ ਟੋਪੇ, ਉਹਨਾਂ ਦੀ ਬਾਡੀਗਾਰਡ ਝਲਕਾਰੀ ਬਾਈ ਆਦਿ ਅੰਤ ਤਕ ਉਹਨਾਂ ਦੇ ਨਾਲ ਰਹੇ। ਆਪਣੇ ਅੰਤਿਮ ਸਮੇਂ ਉਹਨਾਂ ਨੇ ਕਿਹਾ ਸੀ ਕਿ ਉਹਨਾਂ ਦੀ ਲਾਸ਼ ਨੂੰ ਕਿਸੇ ਅੰਗ੍ਰੇਜ਼ ਦਾ ਹੱਥ ਨਾ ਲੱਗੇ। ਇਸ ਕਰਕੇ ਇਕ ਝੌਂਪੜੀ ਵਿੱਚ ਲਾਸ਼ ਰੱਖ ਕੇ ਅੱਗ ਲਾ ਕੇ ਉਹਨਾਂ ਦਾ ਅੰਤਿਮ ਸੰਸਕਾਰ ਕਰ ਦਿਤਾ ਗਿਆ। ■



ਬਾਲ ਕਹਾਣੀ : ਵਿਭਾ ਵਰਮਾ

# ਘਮੰਡ ਦਾ ਨਤੀਜਾ



ਸੁੰਦਰਵਨ ਵਿੱਚ ਭੀਕੂ ਗਿੱਦੜ ਕਈ ਦਿਨਾਂ ਦਾ ਭੁੱਖਾ ਅਤੇ ਬੀਮਾਰ ਸੀ। ਉਸ ਵਿੱਚ ਐਨੀ ਸ਼ਕਤੀ ਵੀ ਨਹੀਂ ਸੀ ਕਿ ਆਪਣੀ ਭੁੱਖ ਮਿਟਾਉਣ ਲਈ ਸ਼ਿਕਾਰ ਕਰ ਸਕੇ। ਉਹ ਲਾਚਾਰ ਹੋ ਕੇ ਇਕ ਦਰੱਖਤ ਹੇਠਾਂ ਪਿਆ ਰਹਿੰਦਾ।

ਇਕ ਦਿਨ ਇਕ ਸ਼ੇਰ ਮੱਝ ਦਾ ਸ਼ਿਕਾਰ ਕਰਕੇ ਆਪਣੀ ਗੁਫਾ ਵਿੱਚ ਜਾ ਰਿਹਾ ਸੀ। ਉਸਦੀ ਨਜ਼ਰ ਲਲਚਾਈਆਂ ਅੱਖਾਂ ਨਾਲ ਵੇਖਦੇ ਹੋਏ ਭੀਕੂ ਗਿੱਦੜ ਤੇ ਪਈ। ਉਸਦੀ ਕਮਜ਼ੋਰੀ ਅਤੇ ਲਾਚਾਰ ਅਵਸਥਾ ਨੂੰ ਵੇਖ ਕੇ ਸ਼ੇਰ ਨੂੰ ਦਯਾ ਆ ਗਈ। ਉਹ ਉਸ ਨੂੰ ਆਪਣੀ ਪਿੱਠ ਤੇ ਲੱਦ ਕੇ ਆਪਣੀ ਗੁਫ਼ਾ ਵਿੱਚ ਲੈ ਗਿਆ ਅਤੇ ਉਥੇ ਪਿਆ ਬੇਹਾ ਮਾਸ ਉਹਨੂੰ ਖਾਣ ਲਈ ਦਿਤਾ।

ਇਸ ਤਰ੍ਹਾਂ ਬੈਠੇ-ਬੈਠੇ ਹੀ ਥੋੜਾ-ਬਹੁਤ ਉਹਨੂੰ ਹਰ ਰੋਜ਼ ਕੁਝ ਨਾ ਕੁਝ ਖਾਣ ਲਈ ਮਿਲ ਜਾਂਦਾ। ਕੁਝ ਹੀ ਹਫ਼ਤਿਆਂ ਵਿੱਚ ਉਹ ਪਹਿਲਾਂ ਵਰਗਾ ਮੋਟਾ-ਤਾਜਾ ਹੋ ਗਿਆ। ਹੌਲੀ-ਹੌਲੀ ਉਹ ਕਾਫੀ ਬਲਵਾਨ ਵੀ ਹੋ ਗਿਆ ਅਤੇ ਉਹਨੂੰ ਆਪਣੀ ਤਾਕਤ ਤੇ ਘਮੰਡ ਵੀ ਹੋਣ ਲੱਗਾ। ਹੁਣ ਆਪਣੀ ਹੀ ਜਾਤੀ ਦੇ ਭਾਈ-ਬੰਧੂਆਂ ਨਾਲੋਂ ਉਹ ਆਪਣੇ ਆਪ ਨੂੰ ਸ੍ਰੇਸ਼ਠ ਸਮਝਣ ਲੱਗਾ। ਉਹ ਭਾਲੂ , ਬਾਂਦਰ, ਲੂੰਮੜੀ ਅਤੇ ਖਰਗੋਸ਼ ਨਾਲ ਟੱਕਰ ਲੈਣ ਤੋਂ ਵੀ ਨਾ ਟਲਦਾ।

ਇਕ ਦਿਨ ਭੀਕੂ ਗਿੱਦੜ ਨੇ ਕੱਕੂ ਹਾਥੀ ਦਾ ਹੀ ਸ਼ਿਕਾਰ ਕਰਨ ਦੀ ਯੋਜਨਾ ਬਣਾ ਲਈ। ਉਸਨੇ ਆਪਣੇ ਮਨ ਦਾ ਵਿਚਾਰ ਜਦ ਸ਼ੇਰ ਨੂੰ ਦੱਸਿਆ ਤਾਂ ਸ਼ੇਰ ਬੋਲਿਆ – ਭੀਕੂ ਗਿੱਦੜ! ਕੱਕੂ ਹਾਥੀ ਬਹੁਤ ਸ਼ਕਤੀਸ਼ਾਲੀ ਹੈ। ਉਸਦਾ ਸ਼ਿਕਾਰ ਤੇਰੇ ਵੱਸ ਦੀ ਗੱਲ ਨਹੀਂ ਹੈ। ਪਰ ਭੀਕੂ ਗਿੱਦੜ ਨੇ ਉਸਦੀ ਇਕ ਵੀ ਨਾ ਸੁਣੀ।

ਕੁਝ ਦਿਨਾਂ ਬਾਦ ਸੰਯੋਗ ਨਾਲ ਕੱਕੂ ਹਾਥੀ ਉਧਰੋਂ ਲੰਘ ਰਿਹਾ ਸੀ। ਬਸ ਫਿਰ ਕੀ ਸੀ? ਭੀਕੂ ਗਿੱਦੜ ਦੌੜ ਕੇ ਇਕ ਚਟਾਨ ਤੇ ਬੈਠ ਗਿਆ। ਉਹ ਮਨ ਹੀ ਮਨ ਯੋਜਨਾ ਬਣਾਉਣ ਲੱਗਾ ਕਿ ਜਿਉਂ ਹੀ ਕੱਕੂ ਹਾਥੀ ਇਧਰੋਂ ਲੰਘੇਗਾ ਉਹ ਉਸ ਤੇ ਧਾਵਾ ਬੋਲ ਦਏਗਾ।

ਕੁਝ ਦੇਰ ਬਾਦ ਜਿਉਂ ਹੀ ਕੱਕੂ ਹਾਥੀ ਚਟਾਨ ਦੇ ਨੇੜੇ ਆਇਆ ਤਾਂ ਭੀਕੂ ਗਿੱਦੜ ਨੇ ਉਸਦੀ ਗਰਦਨ ਤੇ ਹਮਲਾ ਕਰ ਦਿਤਾ। ਲੇਕਿਨ ਇਹ ਕੀ? ਭੀਕੂ ਗਿੱਦੜ ਉਸਦੀ ਗਰਦਨ ਦੀ ਬਜਾਏ ਉਸਦੇ ਪੈਰਾਂ ਵਿੱਚ ਡਿਗ ਪਿਆ।

ਇਸ ਘਟਨਾ ਤੋਂ ਕੱਕੂ ਹਾਥੀ ਬਿਲਕੁਲ ਅਣਜਾਣ ਸੀ। ਹੜਬੜਾਹਟ ਵਿੱਚ ਉਸਨੇ ਆਪਣਾ ਪੈਰ ਭੀਕੂ ਗਿੱਦੜ ਤੇ ਰੱਖ ਦਿਤਾ, ਜਿਸ ਨਾਲ ਉਸਦਾ ਉਸੇ ਸਮੇਂ ਕਚੂਮਰ ਨਿਕਲ ਗਿਆ। ਕੋਲ ਹੀ ਕੁਝ ਦੂਰੀ ਤੇ ਖੜਾ ਸ਼ੇਰ ਇਹ ਦ੍ਰਿਸ਼ ਵੇਖ ਰਿਹਾ ਸੀ। ਉਹ ਇਹ ਦ੍ਰਿਸ਼ ਵੇਖ ਕੇ ਤਾੜੀ ਮਾਰ-ਮਾਰ ਕੇ ਕਹਿਣ ਲੱਗਾ – 'ਸੱਚ ਹੈ ਘਮੰਡੀਆਂ ਦੀ ਇਹੀ ਦਸ਼ਾ ਹੁੰਦੀ ਹੈ।'



# ਹਾਸਾ ਖੇਡਾ

ਇਕ ਅਨਪੜ ਪੇਂਡੂ ਧੋਤੀ ਪਾ ਕੇ ਸਹਿਰ ਘੁੰਮਣ ਗਿਆ। ਉਥੇ ਉਹ ਸ਼ਹਿਰ ਦੀਆਂ ਵੱਡੀਆਂ-ਵੱਡੀਆਂ ਇਮਾਰਤਾਂ ਨੂੰ ਵੇਖਦੇ ਹੋਏ ਸਾਹਮਣੇ ਤੋਂ ਇਕ ਸਾੜੀ ਪਹਿਨੀ ਹੋਈ ਔਰਤ ਨਾਲ ਟਕਰਾ ਗਿਆ।

ਔਰਤ ਨੇ ਕਿਹਾ - ਆਈ. ਐਮ. ਸਾਰੀ।

ਪੇਂਡੂ ਨੇ ਸਮਝਿਆ ਕਿ ਔਰਤ ਆਪਣੀ ਸਾੜੀ ਦੇ ਬਾਰੇ ਦੱਸ ਰਹੀ ਹੈ, ਇਸ ਲਈ ਉਸਨੇ ਵੀ ਆਪਣੇ ਕਪੜਿਆਂ ਦੇ ਬਾਰੇ ਕਿਹਾ -

ਆਈ. ਐਮ. ਬੜੀਆ ਧੋਤੀ।

..........

ਰਾਜੂ : (ਆਪਣੀ ਭੈਣ ਅਦਿਤੀ ਨੂੰ) ਅੱਜ ਕਲ ਮੇਰੀ ਜ਼ਿੰਦਗੀ ਵਿੱਚ ਸਭ ਕੁਝ ਉਲਟਾ ਚਲ ਰਿਹਾ ਹੈ।

ਅਦਿਤੀ : ਲੇਕਿਨ ਵੀਰੇ, ਮੈਨੂੰ ਤਾਂ ਆਪ ਸਿੱਧੇ ਚਲਦੇ ਹੋਏ ਹੀ ਦਿਖਾਈ ਦਿੰਦੇ ਹੋ।



..........

ਭਿਖਾਰੀ : ਸਾਹਿਬ, ਪਰਿਵਾਰ ਨਾਲੋਂ ਵਿਛੜ ਗਿਆ ਹਾਂ, ਮਿਲਣ ਲਈ 50 ਰੁਪਏ ਚਾਹੀਦੇ ਹਨ।

ਸਾਹਿਬ : ਕਿਥੇ ਹੈ ਤੇਰਾ ਪਰਿਵਾਰ।

ਭਿਖਾਰੀ : ਸਿਨੇਮਾ ਹਾਲ ਵਿੱਚ ਫਿਲਮ ਵੇਖ ਰਿਹਾ ਹੈ।

- ਰਾਹੁਲ (ਅੰਬਾਲਾ)

ਸੋਨੂੰ ਸੁਣਿਆ ਤੂੰ?

ਇੱਕ ਆਦਮੀ ਮੱਝ ਦਾ ਦੁੱਧ ਪੀਂਦਾ-ਪੀਂਦਾ ਮਰ ਗਿਆ।

ਪੱਪੂ : ਕਿਉਂ?

ਸੋਨੂੰ : ਕਿਉਂਕਿ ਉਸੇ ਸਮੇਂ ਮੱਝ ਉਸ ਤੇ ਬੈਠ ਗਈ।



..........

ਮਾਂ : ਸੋਨੂੰ ਬੇਟਾ ਕਿਉਂ ਰੋ ਰਹੇ ਹੋ?

(ਸੋਨੂੰ ਹੋਰ ਜ਼ੋਰ-ਜ਼ੋਰ ਨਾਲ ਰੋਣ ਲਗਾ ਤਦ ਸੋਨੂੰ ਦੇ ਪਾਪਾ ਆ ਗਏ)

ਸੋਨੂੰ ਦੇ ਪਾਪਾ : ਬਈ, ਸੋਨੂੰ ਦੀ ਮਾਂ ਸੋਨੂੰ ਕਿਉਂ ਰੋ ਰਿਹਾ ਹੈ?

ਮਾਂ : ਮੇਰੇ ਪੁੱਛਣ ਤੇ ਹੋਰ ਜ਼ੋਰ-ਜ਼ੋਰ ਨਾਲ ਰੋ ਰਿਹਾ ਹੈ, ਆਪ ਹੀ ਪੁੱਛ ਲਉ।

ਪਾਪਾ : ਬੇਟਾ ਸੋਨੂੰ ਕਿਉਂ ਰੋ ਰਹੇ ਹੋ?

ਸੋਨੂੰ : ਤੁਹਾਡੇ ਦੋਹਾਂ ਦੇ ਵਿਆਹ ਦੀ ਫੋਟੋ ਵਿੱਚ ਮੇਰੀ ਫੋਟੋ ਕਿਉਂ ਨਹੀਂ ਹੈ?

..........

ਮੱਖਣ : ਭਾਈ ਇਹ ਮੇਰੇ ਜਾਮੁਨ ਦੇ ਰੁੱਖ ਹੇਠਾਂ ਤੂੰ ਗੁਲਾਬ ਦਾ ਪੌਦਾ ਕਿਉਂ ਲਗਾ ਰਿਹਾ ਹੈ?

ਸੁਲੱਖਣ : ਤਾਂਕਿ ਇਹ ਦੋਵੇਂ ਮਿਲ ਕੇ ਸਾਨੂੰ ਗੁਲਾਬ ਜਾਮੁਨ ਦੇ ਸਕਣ।

- ਪੁਲਕਿਤ (ਹਰਦੇਵ ਨਗਰ, ਦਿੱਲੀ)

(ਮੀਨਾ ਆਪਣੀ ਛੋਟੀ ਭੈਣ ਪੁਨੀਤਾ ਦੇ ਘਰ ਆਪਣੇ ਸੱਤ ਬੱਚਿਆਂ ਦੇ ਨਾਲ ਸ਼ਹਿਰ ਘੁੰਮਣ ਗਈ। ਇਕ ਮਹੀਨੇ ਦੇ ਬਾਦ ਜਦ ਉਹ ਵਾਪਸ ਜਾਣ ਲਈ ਤਿਆਰ ਹੋਈ ਤਾਂ ਪੁਨੀਤਾ ਦੇ ਪਤੀ ਨੇ ਉਹਨਾਂ ਨੂੰ ਸਟੇਸ਼ਨ ਤੇ ਛੱਡਣ ਲਈ ਜਲਦੀ ਨਾਲ ਕਾਰ ਬਾਹਰ ਕੱਢੀ।)



ਮੀਨਾ : ਤੁਸੀਂ ਐਨਾ ਕਸ਼ਟ ਕਿਉਂ ਕਰ ਰਹੇ ਹੋ? ਅਸੀਂ ਬਸ ਰਾਹੀਂ ਚਲੇ ਜਾਵਾਂਗੇ।

ਪੁਨੀਤਾ ਦਾ ਪਤੀ :ਸਾਨੂੰ ਕਸ਼ਟ ਨਹੀਂ ਬਲਕਿ ਖੁਸ਼ੀ ਹੋ ਰਹੀ ਹੈ। ਕਸ਼ਟ ਤਾਂ ਸਾਨੂੰ ਤਦ ਹੋਵੇਗਾ ਜਦ ਗੱਡੀ ਛੁੱਟਣ ਤੇ ਆਪ ਵਾਪਸ ਆ ਜਾਵੋਗੇ।

..........

ਅਮਨ : (ਰਾਹੁਲ ਨੂੰ) ਉਹ ਕਿਹੜਾ ਗੇਟ ਹੈ, ਜਿਸ ਵਿੱਚ ਅਸੀਂ ਪ੍ਰਵੇਸ਼ ਨਹੀਂ ਕਰ ਸਕਦੇ।

ਰਾਹੁਲ : ਕੋਲਗੇਟ।

..........

ਡਾਕਟਰ : (ਰਾਜਨ ਨੂੰ) ਚਿੰਤਾ ਦੀ ਕੋਈ ਗੱਲ ਨਹੀਂ ਹੈ। ਤੂੰ ਦਿਲ ਖੋਲ੍ਹ ਕੇ ਹੱਸਿਆ ਕਰ।

ਰਾਜਨ : ਡਾਕਟਰ ਸਾਹਿਬ ! ਲੋਕਾਂ ਨੂੰ ਮੂੰਹ ਖੋਲ੍ਹ ਕੇ ਹੱਸਦੇ ਹੋਏ ਤਾਂ ਵੇਖਿਆ ਹੈ, ਕਿਸੇ ਨੂੰ ਦਿਲ ਖੋਲ੍ਹ ਕੇ ਹੱਸਦੇ ਨਹੀਂ ਵੇਖਿਆ।

– ਆਇਰਨ (ਹਰਦੇਵ ਨਗਰ, ਦਿੱਲੀ)

ਰਾਜੇਸ਼ : (ਸੁਸ਼ੀਲ ਨੂੰ) ਯਾਰ! ਅੱਜ ਤਾਂ ਸਾਰਾ ਪੇਪਰ ਹੀ ਖਾਲੀ ਦੇ ਆਇਆ ਹਾਂ। ਇਕ ਵੀ ਪ੍ਰਸ਼ਨ ਮੈਂ ਹਲ ਨਹੀਂ ਕੀਤਾ।

ਸੁਸ਼ੀਲ : ਮੂਰਖ ਇਹ ਕੀ ਕੀਤਾ ਤੂੰ। ਹੁਣ ਟੀਚਰ ਇਹੀ ਸੋਚਣਗੇ ਕਿ ਤੂੰ ਮੇਰੀ ਨਕਲ ਕੀਤੀ ਹੈ।

..........

ਮਹੇਸ਼ : ਸਭ ਤੋਂ ਪਹਿਲੀ ਸੁਰੰਗ ਕਿਸ ਨੇ ਬਣਾਈ?

ਸੁਰੇਸ਼ : ਚੂਹਿਆਂ ਨੇ।

..........

ਅਧਿਆਪਕ : (ਸ਼ੇਰੂ ਨੂੰ) ਤੂੰ ਕਿੰਨੇ ਦਿਨਾਂ ਤਕ ਬਾਰਿਸ਼ ਹੁੰਦੀ ਵੇਖੀ ਹੈ।

ਸ਼ੇਰੂ : ਇਕ ਦਿਨ ਤਕ।



ਅਧਿਆਪਕ :ਕੀ ਦੋ ਦਿਨ ਤਕ ਬਾਰਿਸ਼ ਨਹੀਂ ਹੋ ਸਕਦੀ?

ਸ਼ੇਰੂ : ਨਹੀਂ ਸਰ! ਕਿਉਂਕਿ ਵਿਚਕਾਰ ਰਾਤ ਵੀ ਤਾਂ ਹੁੰਦੀ ਹੈ।

– ਗੁਰਚਰਨ ਆਨੰਦ (ਲੁਧਿਆਣਾ)



❑ ਸੁਰਜੀਤ 'ਦੇਵਲ'

# ਤੀਆਂ ਦੀ ਰੌਣਕ

ਆਵੋ ਨੀ ਕੁੜੀਓ ਸਾਵਣ ਆਇਆ।
ਤੀਆਂ ਦੀ ਰੌਣਕ ਨਾਲ ਲਿਆਇਆ।

ਪਿੱਪਲਾਂ ਉਤੇ ਪੀਘਾਂ ਪਾ ਕੇ।
ਆਵੋ ਨੀ ਝੂਟੀਏ ਪੀਂਘ ਚੜ੍ਹਾ ਕੇ।

ਰੋਜ਼-ਰੋਜ਼ ਨਾ ਆਵਣ ਤੀਆਂ।
ਕੁੜੀਆਂ ਨੂੰ ਮਿਲਾਵਣ ਤੀਆਂ।

ਬੰਨ੍ਹ ਕੇ ਪੈਸੇ ਰੁਮਾਲ ਲਿਜਾਣਾ।
ਤੀਆਂ 'ਚ ਮਨ ਭਾਉਂਦਾ ਖਾਣਾ।

ਬੋਲੀਆਂ ਪਾਉਣੀਆਂ ਗਿੱਧਾ ਪਾ।
ਦਿਲ ਦੇ ਪੂਰੇ ਕਰਨੇ ਚਾਅ।

# ਸਾਧਾਰਨ ਗਿਆਨ ਪ੍ਰਸ਼ਨੋਤਰੀ




(ਸਭ ਪ੍ਰਸ਼ਨਾਂ ਦੇ ਉੱਤਰ **'ਆ'** ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਚੁੱਕੋ ਅਤੇ ਪ੍ਰਸ਼ਨਚਿੰਨ੍ਹ ਤੋਂ ਬਾਅਦ ਉੱਤਰ ਲਿਖਦੇ ਜਾਓ।)

ਪ੍ਰਸ਼ਨ 1) ਸੰਸਾਰ ਦੇ ਸਭ ਤੋਂ ਵੱਡੇ ਮਹਾਦੀਪ ਦਾ ਕੀ ਨਾਂ ਹੈ?

ਪ੍ਰਸ਼ਨ 2) ਈਰਾਨ ਦੇਸ਼ ਦਾ ਪੁਰਾਣਾਂ ਨਾਂ ਕੀ ਸੀ?

ਪੰਸ਼ਨ 3) ਅਸਮ ਰਾਜ ਵਿਚ ਬੋਲੀ ਜਾਣ ਵਾਲੀ ਮੁੱਖ ਭਾਸ਼ਾ ਕਿਹੜੀ ਹੈ?

ਪ੍ਰਸ਼ਨ 4) ਬ੍ਰਹਮਾਂ, ਵਿਸ਼ਨੂੰ, ਮਹੇਸ਼ ਨੇ ਕਿਸ ਮਹਿਲਾ ਦੇ ਪਤੀਵਰਤਾ ਧਰਮ ਦੀ ਪ੍ਰੀਖਿਆ ਲਈ ਸੀ?

ਪ੍ਰਸ਼ਨ 5) ਭਗਵਾਨ ਸ਼੍ਰੀ ਕ੍ਰਿਸ਼ਨ ਨੇ ਯਮਨਾਂ ਵਿਚ ਰਹਿੰਦੇ ਕਿਸ ਨਾਗ ਨੂੰ ਮਾਰ ਕੇ ਗੋਕਲ ਵਾਸੀਆਂ ਦੀ ਰੱਖਿਆ ਕੀਤੀ ਸੀ?

ਪ੍ਰਸ਼ਨ 6) ਏਸ਼ੀਆ ਦਾ ਸਭ ਤੋਂ ਵੱਡਾ ਗੋਬੀ ਰੇਗਿਸਤਾਨ ਕਿਸ ਦੇਸ਼ ਵਿਚ ਹੈ?

ਪ੍ਰਸ਼ਨ 7) ਨੇਤ੍ਰਦਾਨ ਕੀਤੀ ਅੱਖ ਦਾ ਕਿਹੜਾ ਭਾਗ ਉਪਯੋਗ ਕੀਤਾ ਜਾਂਦਾ ਹੈ?

ਪਸ਼ਨ 8) ਸੰਸਾਰ ਦਾ ਸਭ ਤੇ ਵੱਡੇ ਦੀਪ ਸਮੂਹ ਵਾਲਾ ਦੇਸ਼ ਕਿਹੜਾ ਹੈ?

ਪ੍ਰਸ਼ਨ 9) ਆਸਕਰ ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਕੌਣ ਸੀ?

ਪ੍ਰਸ਼ਨ 10) ਕਿਸ ਦੇਸ਼ ਨੂੰ ਕੰਗਾਰੂਆਂ ਦਾ ਦੇਸ਼ ਕਿਹਾ ਜਾਂਦਾ ਹੈ?

ਪ੍ਰਸ਼ਨ 11) ਮਹਾਤਮਾ ਬੁੱਧ ਦੀ ਮਾਤਾ ਦਾ ਕੀ ਨਾਂ ਸੀ?

ਪ੍ਰਸ਼ਨ 12) ਯੂਰਪ ਮਹਾਦੀਪ ਦੇ ਕਿਸ ਦੇਸ਼ ਦੀ ਰਾਜਧਾਨੀ ਤਿਰਾਨਾ ਹੈ?

ਪ੍ਰਸ਼ਨ 13) ਜਨਮਸੰਖਿਆ ਦੇ ਅਨੁਸਾਰ ਅਫਰੀਕਾ ਮਹਾਦੀਪ ਦਾ ਸਭ ਤੋਂ ਵੱਡਾ ਦੇਸ਼ ਕਿਹੜਾ ਹੈ?

ਪ੍ਰਸ਼ਨ 14) ਭਾਰਤ ਦੀ ਮੁਦ੍ਰਾ ਕਿਹੜੀ ਹੈ?

ਪ੍ਰਸ਼ਲ 15) ਭਗਵਾਨ ਸ਼੍ਰੀ ਰਾਮ ਦਾ ਜਨਮ ਕਿੱਥੇ ਹੋਇਆ ਸੀ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ


ਚਿੱਤਰਕਾਰ ਅਤੇ ਲੇਖਕ –
ਅਜੈ ਕਾਲੜਾ







ਮੈਂ ਮੋਟੂ, ਮੌਲੀ ਅਤੇ ਚਿੰਟੂ ਨੂੰ ਵੀ ਫੋਨ ਕਰਕੇ ਬੁਲਾ ਲੈਂਦੀ ਹਾਂ।
ਕਿੱਟੀ ਅਸੀਂ ਸਾਰੇ ਆ ਗਏ, ਚਲੋ ਹੁਣ ਬਾਹਰ।
ਵਾਹ! ਬਾਰਿਸ਼ ਦੇ ਇਸ ਖੁਸ਼ਨੁਮਾ ਮੌਸਮ ਦਾ ਮਜ਼ਾ ਤਾ ਭਿੱਜਣ ਵਿੱਚ ਹੀ ਹੈ।
ਪਰ ਮੈਨੂੰ ਤਾਂ ਬਾਰਿਸ਼ ਵਿੱਚ ਭਿੱਜਣਾ ਬਹੁਤ ਚੰਗਾ ਲੱਗਦਾ ਹੈ, ਮੈਂ ਨਹੀਂ ਜਾਵਾਂਗੀ।
ਅਸੀਂ ਜ਼ਿਆਦਾ ਦੇਰ ਬਾਰਿਸ਼ ਵਿੱਚ ਨਹੀਂ ਭਿੱਜਾਂਗੇ ਵਰਨਾ ਬੀਮਾਰ ਪੈ ਜਾਵਾਂਗੇ।


ਚਲੋ ਅਸੀਂ ਸਾਰੇ ਮਿਲ ਕੇ ਪਾਣੀ ਵਿੱਚ ਕਾਗਜ ਦੀ ਕਿਸਤੀ ਬਣਾ ਕੇ ਚਲਾਈਏ।
ਕਿੱਟੀ ! ਇਹ ਕੀ ਕਰ ਰਹੀ ਹੋ, ਮੈਂ ਪਾਣੀ ਵਿੱਚ ਡਿਗ ਜਾਊਂਗਾ।
ਚਿੰਟੂ! ਪਾਣੀ ਵਿੱਚ ਡਿਗ ਗਿਆ, ਬੜਾ ਮਜਾ ਆਇਆ।


ਕਿੱਟੀ ਇਹ ਤੂੰ ਕੀ ਕੀਤਾ? ਮੈਨੂੰ ਪਾਣੀ ਵਿੱਚ ਕਿਉਂ ਡੇਗ ਦਿੱਤਾ?
ਠਹਿਰ! ਮੈਂ ਤੈਨੂੰ ਹੁਣੇ ਦੱਸਦਾ ਹਾਂ।
ਇਹ ਕੀ ਮੈਂ ਤਾਂ ਡਿਗ ਗਈ?
ਧੜਾਮ
ਵੇਖੋ...... ਕਿੱਟੀ ਪਾਣੀ ਵਿੱਚ ਡਿਗ ਗਈ! ਮਜ਼ਾ ਆਇਆ। ਇਹ ਕੀ? ਕਿੱਟੀ ਤੈਨੂੰ ਛਿੱਕਾਂ ਆਉਣ ਲੱਗੀਆਂ।
ਛੀਕ
ਮੈਂ ਰੋਕਿਆ ਸੀ ਕਿ ਬਾਰਿਸ਼ ਵਿੱਚ ਨਾ ਭਿੱਜੋ। ਪਰ ਤੂੰ ਮੇਰੀ ਨਹੀਂ ਸੁਣੀ ਅਤੇ ਹੁਣ ਪੈ ਗਈ ਬੀਮਾਰ।



❑ ਰਾਜਕੁਮਾਰ ਜੈਨ

# ਗੁਣਕਾਰੀ ਜਾਮੁਨ

ਜਾਮੁਨ ਇੱਕਲਾ ਇਕ ਅਜਿਹਾ ਫਲ ਹੈ, ਜੋ ਦੇਸ਼ ਦੇ ਕੋਨੇ-ਕੋਨੇ ਵਿੱਚ ਅਸਾਨੀ ਨਾਲ ਮਿਲ ਜਾਂਦਾ ਹੈ। ਕਾਲੇ-ਕਾਲੇ, ਵੱਡੇ ਅਤੇ ਰਸਭਰੇ ਮਿੱਠੇ ਜਾਮੁਨ ਵੇਖ ਕੇ ਭਲਾ ਕਿਸ ਦਾ ਜੀਅ ਨਹੀਂ ਲਲਚਾ ਜਾਂਦਾ? ਜਾਮੁਨ ਸਵਾਦਿਸ਼ਟ ਅਤੇ ਮਨਭਾਉਂਦਾ ਹੋਣ ਦੇ ਨਾਲ-ਨਾਲ ਸਿਹਤ ਲਈ ਬਹੁਤ ਫਾਇਦੇਮੰਦ ਫਲ ਵੀ ਹੈ। ਅਨੇਕ ਛੋਟੇ-ਵੱਡੇ ਰੋਗਾਂ ਵਿੱਚ ਇਸਦਾ ਉਪਯੋਗ ਦਵਾਈ ਦੇ ਰੂਪ ਵਿੱਚ ਕੀਤਾ ਜਾ ਸਕਦਾ ਹੈ। ਆਯੁਰਵੇਦ ਦੇ ਅਨੁਸਾਰ ਵੀ ਜਾਮੁਨ ਇਕ ਗੁਣਕਾਰੀ ਫਲ ਹੈ। ਇਸਦੇ ਨਾਲ ਗੈਸ ਦਾ ਨਾਸ਼ ਹੁੰਦਾ ਹੈ ਅਤੇ ਕਸੈਲੇ ਰਸ ਨਾਲ ਖਾਂਸੀ ਦਾ ਨਾਸ਼ ਹੁੰਦਾ ਹੈ। ਇਹ ਸਵਾਦ ਵਿੱਚ ਮਿੱਠੇ, ਕਸੈਲੇ, ਗੁਣ ਵਿੱਚ ਸ਼ੀਤਲ, ਪਾਚਕ, ਪਿਤ ਅਤੇ ਖ਼ੂਨ ਦੇ ਵਿਕਾਰ ਦਾ ਨਾਸ਼ਕ ਹੈ।

ਜਾਮੁਨ ਵਿੱਚ ਸਿਹਤ ਭਰੀ ਪਈ ਹੈ। ਇਸ ਵਿੱਚ ਹੇਠ ਲਿਖੇ ਪੌਸ਼ਟਿਕ ਤੱਤ ਕਾਫੀ ਮਾਤਰਾ ਵਿੱਚ ਹੁੰਦੇ ਹਨ। – ਪਾਣੀ 78.2 ਪ੍ਰਤੀਸ਼ਤ, ਕਾਰਬੋਜ 19.7 ਪ੍ਰਤੀਸ਼ਤ, ਪ੍ਰੋਟੀਨ 0.7 ਪ੍ਰਤੀਸ਼ਤ, ਲਵਣ 0.4 ਪ੍ਰਤੀਸ਼ਤ, ਵਸਾ 0.1 ਪ੍ਰਤੀਸ਼ਤ, ਕੈਲਸ਼ੀਅਮ 0.2 ਪ੍ਰਤੀਸ਼ਤ, ਫਾਸਫੋਰਸ 0.7 ਪ੍ਰਤੀਸ਼ਤ, ਰੇਸ਼ਾ 0.9 ਪ੍ਰਤੀਸ਼ਤ।

ਜਾਮੁਨ ਵਿੱਚ ਐਨੇ ਪੌਸ਼ਟਿਕ ਤੱਤਾਂ ਦੀ ਭਰਪੂਰ ਮੌਜੂਦਗੀ ਤੋਂ ਸਾਫ਼ ਜਾਹਿਰ ਹੈ ਕਿ ਜਾਮੁਨ ਦਾ ਫਲ ਸਿਹਤ ਲਈ ਕਿੰਨਾ ਫਾਇਦੇਮੰਦ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਜਾਮੁਨ ਦਾ ਫਲ ਹੀ ਨਹੀਂ, ਜਾਮੁਨ ਦੇ ਰੁੱਖ ਦਾ ਹਰੇਕ ਹਿੱਸਾ ਰੋਗਨਾਸ਼ਕ ਸ਼ਕਤੀ ਰੱਖਦਾ ਹੈ। ਜਾਮੁਨ ਦੇ ਰੁੱਖ ਦੀਆਂ ਪੱਤੀਆਂ, ਸੱਕ, ਜੜ ਆਦਿ ਵਿੱਚ ਦਵਾਈ ਦੇ ਗੁਣ ਹੁੰਦੇ ਹਨ। ਜਾਮੁਨ ਦੀ ਗੁਠਲੀ ਕਈ ਰੋਗਾਂ ਦੇ ਇਲਾਜ ਵਿੱਚ ਦਵਾਈ ਦਾ ਕੰਮ ਦੇ ਸਕਦੀ ਹੈ।

ਜਾਮੁਨ ਦੇ ਮੌਸਮ ਵਿੱਚ ਜਾਮੁਨ ਦਾ ਨਿਯਮਤ ਸੇਵਨ ਕਰਕੇ ਸ਼ੂਗਰ, ਖੰਘ, ਖ਼ੂਨ-ਵਿਕਾਰ, ਪੀਲੀਆ, ਕਬਜ਼, ਪੇਟਦਰਦ ਆਦਿ ਰੋਗਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜਾਮੁਨ ਪਿਤ, ਤਿਲੀ, ਗੈਸ ਦਾ ਗੋਲਾ ਅਤੇ ਦਸਤ ਵਿੱਚ ਵੀ ਉਪਯੋਗੀ ਹੈ। ਦੰਦ ਅਤੇ ਮਸੂੜਿਆਂ ਦੇ ਰੋਗਾਂ ਵਿੱਚ ਵੀ ਇਹ ਲਾਭਕਾਰੀ ਹੈ।

ਜਾਮੁਨ ਖਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਧੋ ਲਿਆ ਜਾਣਾ ਚਾਹੀਦਾ ਹੈ ਤਾਂਕਿ ਉਸ ਤੇ ਲੱਗੇ ਹਾਨੀਕਾਰਕ ਤੱਤ ਪੇਟ ਵਿੱਚ ਨਾ ਜਾ ਸਕਣ। ਜਿੱਥੋਂ ਤਕ ਸੰਭਵ ਹੋ ਸਕੇ ਜਾਮੁਨ ਦਾ ਸੇਵਨ ਭੋਜਨ



ਦੇ ਬਾਦ ਹੀ ਕੀਤਾ ਜਾਣਾ ਚਾਹੀਦਾ ਹੈ। ਅਜਿਹੀ ਲੋਕ ਮਾਨਤਾ ਹੈ ਕਿ ਜਾਮੁਨ ਖਾਣ ਦੇ ਬਾਦ ਦੁੱਧ ਪੀਣਾ ਹਾਨੀਕਾਰਕ ਹੈ। ਇਸ ਲਈ ਆਪ ਜਾਮੁਨ ਖਾਣ ਦੇ ਬਾਅਦ ਇੱਕ ਘੰਟੇ ਤਕ ਦੁੱਧ ਨਾ ਪੀਉ ਤਾਂ ਬਿਹਤਰ ਰਹੇਗਾ।

ਜਾਮੁਨ ਦਾ ਸਿਰਕਾ ਵੀ ਗੁਣਕਾਰੀ ਅਤੇ ਸਵਾਦਿਸ਼ਟ ਹੁੰਦਾ ਹੈ। ਇਹਨੂੰ ਘਰ ਵਿੱਚ ਹੀ ਆਸਾਨੀ ਨਾਲ ਤਿਆਰ ਕੀਤਾ ਜਾ ਸਕਦਾ ਹੈ। ਸਿਰਕਾ ਬਣਾਉਣ ਲਈ ਆਪ ਪੱਕੇ ਹੋਏ ਅਤੇ ਬਿਨਾ ਦਾਗ ਦੇ ਵੱਡੇ-ਵੱਡੇ ਜਾਮੁਨ ਚੁਣ ਲਉ। ਇਹਨਾਂ ਜਾਮੁਨਾਂ ਨੂੰ ਧੋ ਕੇ ਇਕ ਸਾਫ਼ ਮਿੱਟੀ ਦੇ ਬਰਤਨ ਵਿੱਚ ਨਮਕ ਮਿਲਾ ਕੇ ਰੱਖ ਦਿਉ। ਬਰਤਨ ਦਾ ਮੂੰਹ ਇਕ ਸਾਫ ਧੋਤੇ ਹੋਏ ਕਪੜੇ ਨਾਲ ਬੰਨ੍ਹ ਕੇ ਇਸ ਬਰਤਨ ਨੂੰ ਧੁੱਪ ਵਿੱਚ ਰੱਖ ਦਿਉ।

ਇਕ ਹਫ਼ਤੇ ਤਕ ਧੁੱਪ ਵਿੱਚ ਰੱਖਣ ਦੇ ਬਾਅਦ ਇਹਨਾਂ ਜਾਮੁਨਾਂ ਦਾ ਰਸ ਸਾਫ਼ ਕਪੜੇ ਨਾਲ ਛਾਣ ਕੇ ਸ਼ੀਸ਼ੇ ਦੀਆਂ ਬੋਤਲਾਂ ਵਿੱਚ ਭਰ ਕੇ ਢੱਕਣ ਲਾ ਕੇ ਰੱਖ ਦਿਉ। ਜਾਮੁਨ ਦਾ ਸਿਰਕਾ ਤਿਆਰ ਹੈ। ਇਸ ਸਿਰਕੇ ਦਾ ਉਪਯੋਗ ਆਪ ਸਲਾਦ ਵਿੱਚ ਆਸਾਨੀ ਨਾਲ ਕਰ ਸਕਦੇ ਹੋ। ਇਸਦੇ ਇਲਾਵਾ ਮੂਲੀ, ਗਾਜਰ, ਸ਼ਲਗਮ, ਪਿਆਜ, ਮਿਰਚ ਆਦਿ ਸਬਜ਼ੀਆਂ ਦੇ ਅਚਾਰ ਵੀ ਆਪ ਇਸ ਜਾਮੁਨ ਦੇ ਸਿਰਕੇ ਵਿੱਚ ਪਾ ਸਕਦੇ ਹੋ।

ਆਉ, ਜਾਮੁਨ ਦੇ ਰੁੱਖ ਦੀਆਂ ਪੱਤੀਆਂ, ਗੁਠਲੀ ਆਦਿ ਦੇ ਦਵਾਈ ਵਾਲੇ ਗੁਣ ਜਾਣੀਏ:-

– ਪੇਚਿਸ਼ (ਦਸਤ) ਦੇ ਰੋਗੀ ਨੂੰ ਜਾਮੁਨ ਦੇ ਰਸ ਵਿੱਚ ਚੀਨੀ ਮਿਲਾ ਕੇ ਪਿਲਾਉ।

– ਅਗਰ ਤਹਾਨੂੰ ਕਬਜ਼ੀ ਦੀ ਸ਼ਿਕਾਇਤ ਰਹਿੰਦੀ ਹੈ ਜਾਂ ਪੇਟ ਸਬੰਧੀ ਕੋਈ ਹੋਰ ਸ਼ਿਕਾਇਤ ਰਹਿੰਦੀ ਹੈ ਤਾਂ ਜਾਮੁਨ ਦਾ ਸਿਰਕਾ ਅਤੇ ਪਾਣੀ ਬਰਾਬਰ-ਬਰਾਬਰ ਮਾਤਰਾ ਵਿੱਚ ਪੀਉ। ਹਫ਼ਤੇ ਦੇ ਅੰਦਰ-ਅੰਦਰ ਤੁਸੀਂ ਫਾਇਦਾ ਮਹਿਸੂਸ ਕਰੋਗੇ।

– ਮੂੰਹ ਵਿੱਚ ਛਾਲੇ ਹੋ ਜਾਣ ਤੇ ਜਾਮੁਨ ਦਾ ਰਸ ਛਾਲਿਆਂ ਤੇ ਲਾਉ। ਛੇਤੀ ਹੀ ਛਾਲੇ ਮਿਟ ਜਾਣਗੇ।

ਉਲਟੀ ਜ਼ਿਆਦਾ ਹੋਣ ਤੇ ਜਾਮੁਨ ਦਾ ਰਸ ਸੇਵਨ ਕਰੋ ਅਤੇ ਜਾਮੁਨ ਖਾਉ। ਹੈਰਾਨੀਜਨਕ ਰੂਪ ਨਾਲ ਲਾਭ ਹੋਵੇਗਾ। ਜਾਮੁਨ ਦੇ ਸੱਕ ਦਾ ਕਾੜਾ ਬਣਾ ਕੇ ਪੀਣ ਨਾਲ ਪੁਰਾਣੇ ਦਸਤ ਬੰਦ ਹੋ ਜਾਂਦੇ ਹਨ। ਇਸ ਕਾੜੇ ਦੇ ਸੇਵਨ ਨਾਲ ਮਸੂੜਿਆਂ ਦੀ ਸੋਜ ਵੀ ਘੱਟ ਹੋ ਜਾਂਦੀ ਹੈ।

– ਅਗਰ ਆਪ ਮੁਹਾਸਿਆਂ ਤੋਂ ਪ੍ਰੇਸ਼ਾਨ ਹੋ ਤਾਂ ਜਾਮੁਨ ਦੀਆਂ ਗੁਠਲੀਆਂ ਨੂੰ ਸੁਕਾ ਕੇ ਮਹੀਨ ਪੀਸ ਕੇ ਇਕ ਸ਼ੀਸ਼ੀ ਵਿੱਚ ਰੱਖ ਲਉ। ਹਫ਼ਤੇ ਭਰ ਤਕ ਰਾਤ ਨੂੰ ਸੌਂਦੇ ਸਮੇਂ ਇਕ ਚੁਟਕੀ ਚੂਰਣ ਗਾਂ ਦਾ ਦੁੱਧ ਮਿਲਾ ਕੇ ਮੁਹਾਸਿਆਂ ਤੇ ਲਗਾਉ। ਸਵੇਰੇ ਚਿਹਰਾ ਚੰਗੀ ਤਰ੍ਹਾਂ ਨਾਲ ਠੰਡੇ ਪਾਣੀ ਨਾਲ ਧੋ ਦਿਉ। ਮੁਹਾਂਸੇ ਮਿਟ ਜਾਣਗੇ। ਅਗਰ ਤੁਹਡੀ ਪਾਚਨ ਸ਼ਕਤੀ ਵਿਗੜ ਗਈ ਹੈ ਅਤੇ ਤੁਹਾਨੂੰ ਠੀਕ ਤਰ੍ਹਾਂ ਨਾਲ ਭੁੱਖ ਨਹੀਂ ਲੱਗਦੀ ਤਾਂ ਕੁਝ ਦਿਨਾਂ ਤਕ ਨਿਯਮਤ ਖਾਲੀ ਪੇਟ ਜਾਮੁਨ ਖਾਉ। ਭੁੱਖ ਖੁਲ੍ਹ ਕੇ ਲੱਗੇਗੀ।

– ਜਾਮੁਨ ਦੇ ਪੱਤਿਆਂ ਦੀ ਭਸਮ ਨੂੰ ਮੰਜਨ ਵਾਂਗ ਪ੍ਰਯੋਗ ਕਰਨ ਨਾਲ ਦੰਦ ਅਤੇ ਮਸੂੜੇ ਮਜ਼ਬੂਤ ਹੁੰਦੇ ਹਨ। ਤੰਗ ਜੁੱਤੀ ਪਾਉਣ ਦੀ ਵਜ੍ਹਾ ਨਾਲ ਪੈਰਾਂ ਤੇ ਪਏ ਛਾਲਿਆਂ ਤੇ ਜਾਮੁਨ ਦੀ ਗੁਠਲੀ ਘਿਸ ਕੇ ਲਗਾਉਣ ਨਾਲ ਠੰਡਕ ਪੈ ਜਾਂਦੀ ਹੈ ਅਤੇ ਛਾਲੇ ਠੀਕ ਹੋ ਜਾਂਦੇ ਹਨ।

– ਜਾਮੁਨ ਦੀ ਗੁਠਲੀ ਸੁਕਾ ਕੇ ਉਸਦਾ ਚੂਰਣ ਬਣਾ ਲਉ ਅਤੇ ਦੁੱਧ ਦੇ ਨਾਲ ਇਸ ਚੂਰਣ ਨੂੰ ਮਿਲਾ ਕੇ ਫੋੜੇ-ਫਿੰਨਸੀਆਂ ਤੇ ਲਗਾਉ।

ਜਾਮੁਨ ਦੇ ਐਨੇ ਦਵਾਈ ਦੇ ਗੁਣਾਂ ਨੂੰ ਵੇਖਦੇ ਹੋਏ ਅੱਜ ਤੋਂ ਹੀ ਜਾਮੁਨ ਦਾ ਨਿਯਮਤ ਸੇਵਨ ਸ਼ੁਰੂ ਕਰ ਦਿਉ। ■

❑ ਰਣਜੀਤ 'ਆਜ਼ਾਦ'

# ਸੁਨਹਿਰੀ ਰੱਖੜੀ

ਸੋਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ।
ਭੈਣ ਕੋਲੋਂ ਵੀਰ ਵੇ ਬਨਾਂ ਲੈ ਰੱਖੜੀ।

ਇਹਦੇ ਵਿਚ ਵੀਰ ਵੇ ਮੁਰਾਦਾਂ ਮੇਰੀਆਂ,
ਸਾਂਭ-ਸਾਂਭ ਰੱਖੀਆਂ ਮੈਂ ਯਾਦਾਂ ਤੇਰੀਆਂ,
ਚਾਵਾਂ ਨਾਲ ਗੁੱਟ ਤੇ ਬਨਾ ਲੈ ਰੱਖੜੀ।

ਰੱਖੜੀ ਬੰਨਣ ਦੀ ਰੱਖੀਂ ਲਾਜ ਵੇ,
ਸ਼ੀਸ਼ ਉਤੇ ਪਹਿਨੀ ਸਦਾ ਸੁੱਚਾ ਤਾਜ ਵੇ,
ਚਮਕ-ਦਮਕ ਵਾਲੀ ਹੈ ਨਿਆਰੀ ਰੱਖੜੀ।

ਹੀਰਿਆਂ ਜੜੀ ਰੱਖੜੀ ਹੈ ਲਿਸ਼ਕਾਂ ਮਾਰਦੀ,
ਸਾਂਝ ਇਹ ਨਿਆਰੀ ਭੈਣਾਂ ਦੇ ਪਿਆਰ ਦੀ,
ਖੁਸ਼ੀ-ਖੁਸ਼ੀ ਕਲਾਈ ਤੇ ਬਨਾਂ ਲੈ ਰੱਖੜੀ।

ਵੀਰਾ ! ਤੇਰਾ ਖੇੜਾ ਸਦਾ ਰਹੇ ਵੱਸਦਾ,
ਰਹੇ ਵੱਸਦਾ ਤੇ ਨਾਲੇ ਰਹੇ ਹੱਸਦਾ,
ਪਿਆਰ ਦੀ ਸੌਗਾਤ ਸੀਨੇ ਲਾ ਲੈ ਰੱਖੜੀ।

'ਆਜ਼ਾਦ' ਜਿਹੇ ਵੀਰਾਂ ਉਤੇ ਪੂਰਾ ਮਾਣ ਹੈ,
ਉਚੇਰੀ ਜਿਨ੍ਹਾਂ ਕਰਨੀ ਦੇਸ਼ ਕੌਮ ਦੀ ਸ਼ਾਨ ਹੈ,
ਮੁੱਲ ਪਿਆਰ ਵਾਲਾ ਪਾਉਣ ਵਾਲੀ ਰੱਖੜੀ।
ਭੈਣ ਕੋਲੋਂ ਵੀਰ ਵੇ ਬਨਾਂ ਲੈ ਰੱਖੜੀ।



# ਕੀ ਤੁਸੀਂ ਜਾਣਦੇ ਹੋ




- ਦੁਨੀਆ ਵਿਚ ਸਭ ਤੋਂ ਪੁਰਾਣਾ ਝੰਡਾ ਡੈਨਮਾਰਕ ਦਾ ਹੈ। ਇਹ 13ਵੀਂ ਸਦੀ ਤੋਂ ਚਲਿਆ ਆ ਰਿਹਾ ਹੈ।
- ਜਨਮ ਵੇਲੇ ਕੰਗਾਰੂ ਕੇਵਲ ਇਕ ਇੰਚ ਹੀ ਲੰਬਾ ਹੁੰਦਾ ਹੈ।
- ਜ਼ਿਆਦਾ ਗਹਿਰਾਈ ਤਕ ਜਾਣ ਲਈ ਮਗਰਮੱਛ ਆਪਣੇ ਪੇਟ ਵਿਚ ਪੱਥਰ ਨਿਗਲ ਜਾਂਦਾ ਹੈ।
- ਡਾਲਫਿਨ ਸੌਂਦੇ ਹੋਏ ਆਪਣੀ ਇਕ ਅੱਖ ਖੁੱਲੀ ਰਖਦੀ ਹੈ।
- ਸਭ ਤੋਂ ਕਠੋਰ ਪਦਾਰਥ ਹੀਰਾ ਹੁੰਦਾ ਹੈ।
- ਧਰਤੀ ਦਾ ਸਭ ਤੋਂ ਨੇੜੇ ਦਾ ਤਾਰਾ ਸੂਰਜ ਹੈ।
- ਵਿਸ਼ਵ ਵਿਚ ਪ੍ਰਸਿੱਧ ਖੇਡ ਸ਼ਤਰੰਜ ਦਾ ਜਨਮ ਭਾਰਤ ਵਿਚ ਹੋਇਆ ਸੀ।
- ਆਸਟ੍ਰੇਲੀਆ ਵਿਚ ਟਿਨਾਸ ਨਾਂ ਦਾ ਇਕ ਰੁੱਖ ਪਾਇਆ ਜਾਂਦਾ ਹੈ ਜੋ ਸਾਲ ਵਿਚ ਦੋ ਵਾਰ ਆਪਣੀ ਛਾਲ ਬਦਲ ਲੈਂਦਾ ਹੈ।
- ਜਾਵਾ (ਸੁਮਾਤਰਾ) ਦੇ ਸਮੁੰਦਰ ਤਟ ਉੱਤੇ ਇਕ ਜੀਵ ਪਾਇਆ ਜਾਂਦਾ ਹੈ। ਇਸ ਰੁੱਖ ਦੇ ਥੱਲੇ ਜੋ ਵੀ ਪ੍ਰਾਣੀ ਖੜਾ ਹੋ ਜਾਂਦਾ ਹੈ। ਉਸ ਨੂੰ ਇਹ ਆਪਣੀ ਖਤਰਨਾਕ ਟਹਿਣੀਆਂ ਨਾਲ ਢੱਕ ਲੈਂਦਾ ਹੈ। ਪ੍ਰਾਣੀ ਮਰ ਜਾਂਦਾ ਹੈ ਤਾਂ ਟਹਿਣੀਆਂ ਆਪਣੇ ਆਪ ਉੱਤੇ ਉੱਠ ਜਾਂਦੀਆਂ ਹਨ।
- ਆਪਣੀ ਲੰਮੀ ਜ਼ੁਬਾਨ ਦੇ ਕਾਰਣ ਜਿਰਾਫ ਆਪਣੇ ਕੰਨ ਵੀ ਸਾਫ ਕਰ ਸਕਦਾ ਹੈ।
- ਭਾਰਤ ਵਿਸ਼ਵ ਦਾ ਸਤਵਾਂ ਸਭ ਤੋ ਵੱਡਾ ਦੇਸ਼ ਹੈ
- ਘੋੜੇ ਖੜੇ-ਖੜੇ ਹੀ ਨੀਂਦ ਪੂਰੀ ਕਰਦੇ ਹਨ।
- ਜਿਰਾਫ ਦੇ ਜਨਮ ਸਮੇਂ ਹੀ ਉਸ ਦੇ ਸੀਂਗ ਹੁੰਦੇ ਹਨ। ਚਾਹੇ ਨਰ ਹੋਵੇ ਜਾਂ ਮਾਦਾ।
- ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਚਾਹ ਪੈਦਾ ਕਰਨ ਵਾਲਾ ਦੇਸ਼ ਹੈ।
- ਇਕ ਪੈਂਸਿਲ ਨਾਲ ਤੁਸੀਂ 5 ਮੀਲ ਲੰਮੀ ਲਾਈਨ ਖਿੱਚ ਸਕਦੇ ਹੋ ਜਾਂ ਅੰਗਰੇਜੀ ਦੇ 50000 ਸ਼ਬਦ ਲਿਖ ਸਕਦੇ ਹੋ।
- ਚੂਹਾ ਪੰਜ ਮੰਜ਼ਿਲਾ ਇਮਾਰਤ ਤੋਂ ਡਿੱਗਣ ਦੇ ਬਾਅਦ ਵੀ ਜ਼ਖਮੀ ਨਹੀਂ ਹੁੰਦਾ।
- ਦੰਦਾਂ ਦੀ ਉਪਰ ਦੀ ਪਰਤ ਉੱਤੇ ਚੜ੍ਹਿਆ ਪਦਾਰਥ ਇਨੇਮਲ ਸ਼ਰੀਰ ਦਾ ਸਭ ਤੋਂ ਸਖਤ ਪਦਾਰਥ ਹੁੰਦਾ ਹੈ।

ਸੰਗ੍ਰਹਿਕਰਤਾ - ਵਿਭਾ ਵਰਮਾ

ਇਤਿਹਾਸਕ ਪ੍ਰਸੰਗ : ਦਿਨੇਸ਼ ਜੈਨ

# ਬਦਲਾ ਅਤੇ ਬਲੀਦਾਨ

ਗੱਲ ਉਸ ਸਮੇਂ ਦੀ ਹੈ ਜਦ ਦੱਖਣ ਭਾਰਤ ਦੇ ਸੋਮਨਾਥ ਮੰਦਿਰ ਨੂੰ ਲੁੱਟ ਕੇ ਸੁਲਤਾਨ ਮਹਿਮੂਦ ਗਜਨਵੀ ਵਾਪਸ ਜਾ ਰਿਹਾ ਸੀ। ਉਸ ਨੇ ਲੁੱਟ ਦਾ ਬਹੁਤ ਸਾਰਾ ਧਨ ਊਠਾਂ ਅਤੇ ਘੋੜਿਆਂ ਤੇ ਲੱਦਿਆ ਹੋਇਆ ਸੀ। ਬਹੁਤ ਸਾਰੇ ਸੈਨਿਕ, ਘੋੜਿਆਂ ਤੇ ਅਤੇ ਪੈਦਲ ਸਨ। ਉਹ ਵਿਚਕਾਰ ਸੁਰੱਖਿਅਤ ਸੈਨਿਕਾਂ ਦੇ ਨਾਲ ਚਲ ਰਿਹਾ ਸੀ।

ਉਸ ਨੇ ਸੁਣਿਆ ਕਿ ਰਸਤੇ ਦੇ ਰਾਜਪੂਤ ਰਾਜਾ ਉਸ ਤੋਂ ਸੋਮਨਾਥ ਦਾ ਬਦਲਾ ਲੈਣ ਦੀਆਂ ਯੋਜਨਾਵਾਂ ਬਣਾ ਰਹੇ ਹਨ। ਉਸ ਦਾ ਮੂੰਹ ਪੀਲਾ ਪੈ ਗਿਆ। ਉਸ ਨੇ ਆਪਣੇ ਕਾਫਿਲੇ ਨੂੰ ਸਿੰਧ ਵੱਲ ਮੋੜ ਦਿੱਤਾ। ਉਥੇ ਵੀ ਸਿੰਧ ਨਰੇਸ਼ ਨੇ ਉਸਦਾ ਰਾਹ ਰੋਕ ਲਿਆ। ਤਦ ਘਬਰਾ ਕੇ ਉਹ ਕੱਛ ਵੱਲ ਮੁੜ ਗਿਆ ਪ੍ਰੰਤੂ ਉਥੇ ਵੀ ਜਦ ਕੱਛ ਦੇ ਜਾਗੀਰਦਾਰਾਂ ਨੇ ਤਲਵਾਰਾਂ ਨਾਲ ਉਸਦਾ ਸੁਆਗਤ ਕੀਤਾ ਤਾਂ ਵਿਵਸ਼ ਹੋ ਕੇ ਉਹ ਮਹਾਰਣ (ਰਾਜਸਥਾਨ) ਵਿੱਚ



ਵੜ ਗਿਆ। ਮਹਾਰਣ ਵਿੱਚ ਨਾ ਉਹਨੂੰ ਬਨਸਪਤੀ ਮਿਲੀ ਅਤੇ ਨਾ ਹੀ ਪਾਣੀ। ਤਿੰਨ ਸੌ ਮੀਲ ਤਕ ਚਾਰੇ ਪਾਸੇ ਰੇਤ ਹੀ ਰੇਤ। ਸੁਲਤਾਨ ਦਾ ਕਾਫਿਲਾ ਇਹਨਾਂ ਅਣਜਾਣ ਰਾਹਾਂ ਵਿੱਚ ਮਾਰਗ-ਭਟਕ ਗਿਆ ਅਤੇ ਇਧਰ-ਉਧਰ ਭਟਕਣ ਲੱਗਾ।

ਮਹਾਰਣ ਦੇ ਵਿਚਕਾਰ ਇਕ ਛੋਟਾ ਜਿਹਾ ਦੇਵੀ ਦਾ ਮੰਦਿਰ ਸੀ। ਉਸਦੇ ਕੋਲ ਹੀ ਦੋ ਤਿੰਨ ਟੁੱਟੀਆਂ-ਫੁੱਟੀਆਂ ਜਿਹੀਆਂ ਝੌਂਪੜੀਆਂ ਸਨ। ਇਹਨਾਂ ਵਿਚੋਂ ਇਕ ਝੌਂਪੜੀ ਦੇ ਅਗੇ ਇਕ ਨੌਜਵਾਨ ਖੜਾ ਸੀ। ਸੁਲਤਾਨ ਦੀਆਂ ਫੌਜਾਂ ਨੂੰ ਉਹ ਦੇਖ ਰਿਹਾ ਸੀ। ਭੁੱਖੀ-ਪਿਆਸੀ ਫੌਜ ਇਸੇ ਪਾਸੇ ਵੱਧ ਰਹੀ ਸੀ।

''ਕੌਣ ਹੈ ਤੂੰ? ਕਿਥੇ ਰਹਿੰਦਾ ਹੈ?'' ਨੌਜਵਾਨ ਨੇ ਵੇਖਿਆ ਇਕ ਘੋੜਸਵਾਰ ਸੈਨਿਕ ਉਸਦੇ ਸਾਹਮਣੇ ਖੜਾ ਪੁੱਛ ਰਿਹਾ ਹੈ।

''ਮੈਂ ? ਮੈਂ ਭੂਮੀਆ ਹਾਂ, ਇਥੇ ਮਹਾਰਣ ਵਿੱਚ ਰਹਿੰਦਾ ਹਾਂ।''

''ਇਥੋਂ ਦੇ ਰਾਹ ਜਾਣਦਾ ਹੈਂ? ਸਾਨੂੰ ਰਾਹ ਦਿਖਾ ਸਕਦਾ ਹੈਂ।''

''ਹਾਂ, ਹਾਂ, ਕਿਉਂ ਨਹੀਂ।''

''ਤਾਂ ਚਲ ਸਾਡੇ ਨਾਲ ਅਤੇ ਇਹ ਲੈ ਤੇਰੀ ਮਿਹਨਤ।'' ਕਹਿੰਦੇ ਹੋਏ ਉਸਨੇ ਮੋਹਰਾਂ ਨਾਲ ਭਰੀ ਇਕ ਥੈਲੀ ਉਸ ਨੌਜਵਾਨ ਦੇ ਅਗੇ ਸੁੱਟੀ।

''ਕਿੰਨੇ ਦਿਨ ਦੀ ਰਾਹ ਹੈ'' ਸੈਨਿਕ ਨੇ ਪੁੱਛਿਆ।



''ਇਹੀ ਕੋਈ ਦਸ-ਬਾਰਾਂ ਦਿਨ ਦੀ।'' ਉਸਨੇ ਕਿਹਾ ਅਤੇ ਉਹ ਨੌਜਵਾਨ ਰਾਹ ਵਿਖਾਉਣ ਲਈ ਮਹਿਮੂਦ ਦੇ ਕਾਫਿਲੇ ਦੇ ਕੋਲ ਚਲਾ ਗਿਆ।

ਮਹਿਮੂਦ ਦਾ ਕਾਫਿਲਾ ਅਗੇ ਵਧਿਆ, ਸਭ ਤੋਂ ਅਗੇ ਉਹੀ ਨੌਜਵਾਨ ਸੀ। ਕਾਫਿਲਾ ਚਲਦਾ ਗਿਆ, ਚਲਦਾ ਗਿਆ। ਪੂਰੇ ਪੰਦਰਾਂ ਦਿਨ ਬੀਤ ਗਏ। ਪ੍ਰੰਤੂ ਰੇਗਿਸਤਾਨ ਦਾ ਕੋਈ ਅੰਤ ਨਜ਼ਰ ਨਹੀਂ ਆ ਰਿਹਾ ਸੀ। ਸੁਲਤਾਨ ਦੀ ਸੈਨਾਂ ਭੁੱਖ ਅਤੇ ਪਿਆਸ ਨਾਲ ਅਧਮਰੀ ਹੋ ਰਹੀ ਸੀ।

''ਕਦ ਤਕ ਅਸੀਂ ਇਸ ਰੇਤ ਦੇ ਸਮੁੰਦਰ ਤੋਂ ਪਾਰ ਹੋ ਸਕਾਂਗੇ ਅਜਨਬੀ।'' ਮਹਿਮੂਦ ਨੇ ਨਿਰਾਸ਼ ਹੋ ਕੇ ਪੁੱਛਿਆ।

''ਕਦੇ ਨਹੀਂ ਸੁਲਤਾਨ'' ਨੌਜਵਾਨ ਨੇ ਆਪਣੀ ਊਠਣੀ ਨੂੰ ਰੋਕਿਆ ਅਤੇ ਹੇਠਾਂ ਉਤਰਦੇ ਹੋਏ ਕਿਹਾ।

''ਕੀ ਕਿਹਾ ਤੂੰ, ਜਾਣਦਾ ਹੈਂ, ਮੈਂ ਕੌਣ ਹਾਂ।'' ਮਹਿਮੂਦ ਨੇ ਕਿਹਾ।

''ਗਜਨੀ ਦੇ ਸੁਲਤਾਨ ਮਹਿਮੂਦ ਨੂੰ ਭਲਾ ਕੌਣ ਨਹੀਂ ਜਾਣਦਾ।'' ਨੌਜਵਾਨ ਨੇ ਆਪਣੀ ਮਸਤੀ ਵਿੱਚ ਉੱਤਰ ਦਿੱਤਾ। ਉਹ ਅਗੇ ਬੋਲਿਆ, ''ਜਿਸ ਨੇ ਹਜ਼ਾਰਾਂ ਭਾਰਤੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ, ਆਪਣੇ ਪੈਰਾਂ ਹੇਠਾਂ ਕੁਚਲ ਕੇ ਭਗਵਾਨ ਸੋਮਨਾਥ ਦੇ ਪਾਵਨ ਜਿਉਤੀਲਿੰਗ ਨੂੰ ਖੰਡਿਤ ਕੀਤਾ ਹੈ। ਉਹਨੂੰ ਭਲਾ ਕੌਣ ਅਜਿਹਾ ਭਾਰਤੀ ਹੋਏਗਾ ਜੋ ਨਹੀਂ ਜਾਣਦਾ।''




''ਤੂੰ ਕੌਣ ਹੈ?'' ਮਹਿਮੂਦ ਚੀਕ ਪਿਆ।

''ਮੈਂ?'' ਨੌਜਵਾਨ ਨੇ ਹੱਸਦੇ ਹੋਏ ਉੱਤਰ ਦਿੱਤਾ, ''ਮੈਂ ਭਗਵਾਨ ਸੋਮਨਾਥ ਦਾ ਇਕ ਗਰੀਬ ਜਿਹਾ ਪੁਜਾਰੀ। ਮੈਂ ਮਰਨ ਤੋਂ ਨਹੀਂ ਡਰਦਾ ਮਹਿਮੂਦ। ਮੈਂ ਤੇਰੇ ਤੋਂ ਸੋਮਨਾਥ ਦੇ ਅਪਮਾਨ ਦਾ ਬਦਲਾ ਲਿਆ ਹੈ, ਹੁਣ ਤੁਸੀਂ ਇਸੇ ਰੇਗਿਸਤਾਨ ਵਿੱਚ ਭਟਕਦੇ ਹੋਏ ਮਰੋਗੇ।''

ਨੌਜਵਾਨ ਦਾ ਵਾਕ ਹਾਲਾਂ ਪੂਰਾ ਵੀ ਨਹੀਂ ਹੋਇਆ ਸੀ ਕਿ ਉਸ ਦੇ ਸੈਨਿਕਾਂ ਦੀਆਂ ਚਮਚਮਾਉਂਦੀਆ ਕਈ ਤਲਵਾਰਾਂ ਇੱਕਠੀਆਂ ਉਸਦੇ ਸਰੀਰ ਤੇ ਪਈਆਂ ਅਤੇ ਉਹ ਟੁਕੜੇ-ਟੁਕੜੇ ਹੋ ਕੇ ਉਥੇ ਭੂਮੀ ਵਿੱਚ ਬਿਖਰ ਗਿਆ। ਮਹਿਮੂਦ ਹੈਰਾਨ-ਪ੍ਰੇਸ਼ਾਨ ਜਿਹਾ ਖੜਾ ਆਪਣੇ ਸਾਹਮਣੇ ਦੂਰ-ਦੂਰ ਤਕ ਫੈਲੇ ਹੋਏ ਰੇਗਿਸਤਾਨ ਨੂੰ ਵੇਖ ਰਿਹਾ ਸੀ।

ਅਜਿਹੇ ਹੀ ਜੀਵਨ ਦੇ ਨਿਰਮੋਹੀ ਵਿਅਕਤੀਆਂ ਨੇ ਹੀ ਭਾਰਤ ਦੇ ਗੌਰਵਸ਼ਾਲੀ ਇਤਿਹਾਸ ਦਾ ਨਿਰਮਾਣ ਕੀਤਾ ਹੈ। ਸਾਨੂੰ ਸਦਾ ਹੀ ਭੂਮੀਆਂ ਵਰਗੇ ਵੀਰ ਪੁਰਸ਼ਾਂ ਤੇ ਮਾਣ ਰਹੇਗਾ। ■



❑ ਤਿਲਕ ਰਾਜ

# ਵੱਧ ਗਿਆ ਹੈ ਪ੍ਰਦੂਸ਼ਣ

ਵੱਧ ਗਿਆ ਹੈ ਬੜਾ ਪ੍ਰਦੂਸ਼ਣ
ਲੱਭੋ ਕੋਈ ਹੱਲ ਦੋਸਤੋ।
ਔਖਾ ਹੋਇਆ ਹੈ ਸਾਹ ਲੈਣਾ,
ਲੱਭੋ ਕੋਈ ਹੱਲ ਦੋਸਤੋ।

ਰੁੱਖਾਂ ਨੂੰ ਅਸੀਂ ਕੱਟੀ ਜਾਂਦੇ,
ਰੁੱਖਾਂ ਦੀ ਥਾਂ ਰੁੱਖ ਨਹੀਂ ਲੱਗਦੇ।
ਕਿਵੇਂ ਜ਼ਿੰਦਾ ਰਹਿਣਗੇ ਪ੍ਰਾਣੀ,
ਰੁੱਖ ਕੱਟਣਾ ਬੰਦ ਕਰਨਾ ਪੈਣਾ।

ਤਰੱਕੀ ਅਸੀਂ ਕਰੀ ਹਾਂ ਜਾਂਦੇ,
ਮੰਜ਼ਿਲਾਂ ਖੜੀਆਂ ਕਰੀ ਹਾਂ ਜਾਂਦੇ।
ਜੇ ਹੋਣਾ ਖੁਸ਼ਹਾਲ ਤਾਂ ਮੌਸਮ
ਬਦਲਦਾ ਵੇਖਣਾ ਪੈਣਾ।

ਖਤਮ ਕਰ ਰਹੇ ਅਸੀਂ ਹਰਿਆਲੀ,
ਰੁੱਖਾਂ ਬਿਨ ਸਭ ਖਾਲੀ-ਖਾਲੀ।
ਦਿਸਣ ਨਾ ਪਿੱਪਲ, ਬੋਹੜ ਤੇ ਟਾਹਲੀ
ਕਿੱਥੇ ਇਹਨਾਂ ਦੀ ਛਾਵੇਂ ਬਹਿਣਾ।

ਰੁੱਖਾਂ ਦੇ ਫੁੱਲਾਂ ਦੀ ਮਹਿਕ ਗੁਆਚੀ,
ਪੰਛੀਆਂ ਦੀ ਚਹਿਕ-ਟਹਿਕ ਗੁਆਚੀ।
ਮਨੁੱਖ ਦੇ ਚਿਹਰੇ ਤੋਂ ਰੌਣਕ ਗੁਆਚੀ
'ਤਿਲਕ' ਸੋਚੋ ਸੁਖੀ ਜੇ ਰਹਿਣਾ।

❑ ਦਮਨੇਸ਼ ਕੁਮਾਰ (ਕੇਸ਼ਵ ਪੁਰਮ, ਦਿੱਲੀ)

# ''ਸੈਲਫੀ ਤੋਂ 'ਸੈਲਫ' ਨੂੰ ਬਚਾਉ''



ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਮਾਨਵ ਜੀਵਨ ਕੁਦਰਤ ਦੀ ਇਕ ਅਨਮੋਲ ਦੇਨ ਹੈ। ਸਾਰੇ ਜੀਵਾਂ ਵਿੱਚੋਂ ਮਾਨਵ ਨੂੰ ਹੀ ਸ੍ਰੇਸ਼ਠ ਸ਼੍ਰੇਣੀਆਂ ਵਿੱਚ ਰੱਖਿਆ ਗਿਆ ਹੈ। ਭਾਵੇਂ ਬਾਕੀ ਪ੍ਰਾਣੀਆਂ ਵਿੱਚ ਵੀ ਮਾਨਵ ਦੀ ਤਰ੍ਹਾਂ ਹੀ ਖਾਣ-ਪੀਣ-ਸੌਣ, ਸੰਤਾਨ ਪੈਦਾ ਕਰਨ ਦੀਆਂ ਸਮਾਨਤਾਵਾਂ ਹਨ, ਤਾਂ ਵੀ ਮਾਨਵ ਵਿੱਚ ਇਕ ਵਿਸ਼ੇਸ਼ ਗੁਣ ਹੈ। ਉਹ ਹੈ - 'ਵਿਵੇਕ'/ ਬੁੱਧੀ, ਆਪਣੇ ਲਈ ਚੰਗੇ-ਬੁਰੇ ਦੇ ਵਿਸ਼ੇ ਵਿੱਚ ਸੋਚਣਾ। ਕੁਦਰਤ ਨੇ ਮਨੁੱਖ ਨੂੰ ਜਨਮ-ਮੌਤ ਅਤੇ ਲਾਭ-ਹਾਨੀ ਨੂੰ ਛੱਡ ਕੇ ਹਰ ਪ੍ਰਕਾਰ ਦੇ ਕੰਮ ਕਰਨ ਦੀ ਅਜ਼ਾਦੀ ਦਿੱਤੀ ਹੈ, ਪ੍ਰੰਤੂ ਇਕ ਉਤਮ ਅਤੇ ਸੁਖਮਈ ਜੀਵਨ ਕਿਵੇਂ ਜੀਵਿਆ ਜਾਂਦਾ ਹੈ, ਇਹ ਤਾਂ ਆਦਮੀ ਨੇ ਹੀ ਸੋਚਣਾ ਹੈ। ਚੰਗੇ ਕਰਮ ਕਰਨ ਲਈ ਰਚਨਾਤਮਕ ਅਤੇ ਸਕਾਰਾਤਮਕ ਸੋਚ ਦਾ ਹੋਣਾ ਬਹੁਤ ਜ਼ਰੂਰੀ ਹੈ। ਅਜਿਹੀ ਸੋਚ ਤਦ ਬਣ ਸਕਦੀ ਹੈ ਜਦ ਮਨੁੱਖ ਇਕੋ ਜਿਹੇ ਸਾਕਾਰਾਤਮਕ ਵਿਚਾਰਧਾਰਾ ਵਾਲੇ ਲੋਕਾਂ ਦਾ ਸੰਗ ਕਰੇਗਾ। ਸਿਖਿਆਦਾਇਕ ਕਿਤਾਬਾਂ ਦਾ ਅਧਿਐਨ ਕਰੇਗਾ। ਮਹਾਂਪੁਰਸ਼ਾਂ ਅਤੇ ਬਜ਼ੁਰਗਾਂ ਦੀਆਂ ਸਿਖਿਆਵਾਂ ਨੂੰ ਜੀਵਨ ਵਿੱਚ ਢਾਲ ਕੇ ਵਾਸਤਵਿਕ ਜੀਵਨ ਜੀਵੇਗਾ। ਤਾਂ ਉਸਦੀ ਗਿਣਤੀ ਵਿਚਾਰਸ਼ੀਲ ਅਤੇ ਯੋਗ ਵਿਅਕਤੀਆਂ ਵਿੱਚ ਕੀਤੀ ਜਾ ਸਕੇਗੀ। ਅੱਜ ਵਿਗਿਆਨ ਅਤੇ ਤਕਨੋਲਜੀ ਨੇ ਬੜੀ ਤੇਜ਼ੀ ਨਾਲ ਨਵੀਆਂ-ਨਵੀਆਂ ਖੋਜਾਂ ਕਰਕੇ ਮਨੁੱਖ ਦਾ ਜੀਵਨ ਬਹੁਤ ਸਹਿਜ ਅਤੇ ਸਰਲ ਬਣਾ ਦਿੱਤਾ ਹੈ। ਉਹ ਸਾਰੇ ਸਾਧਨ ਸਾਡੀਆਂ ਸਹੂਲਤਾਂ ਲਈ ਬਣਾਏ ਗਏ ਹਨ, ਪ੍ਰੰਤੂ ਅੱਜ ਦਾ ਮਨੁੱਖ ਵਿਸ਼ੇਸ਼ ਕਰਕੇ ਨੌਜਵਾਨ ਵਰਗ ਇਹਨਾਂ ਉਪਕਰਣਾ ਨੂੰ ਆਪਣੀ ਸਹੂਲਤ ਦੀ ਬਜਾਏ ਉਹਨਾਂ ਦੇ ਦੁਰਉਪਯੋਗ ਕਰਕੇ ਉਹਨਾਂ ਦੇ ਬੁਰੇ ਪ੍ਰਭਾਵ ਨਾਲ ਆਪਣਾ ਜੀਵਨ ਮੁਸੀਬਤ ਵਿੱਚ ਪਾਉਣ ਤੇ ਤੁਲਿਆ ਹੋਇਆ ਹੈ। ਹਾਲ ਹੀ ਵਿੱਚ ਮੋਬਾਇਲ ਫੋਨ ਮਾਰਕੀਟ ਵਿੱਚ ਆਇਆ ਹੈ। ਇਸ ਵਿੱਚ ਇਕ ਨਵਾਂ ਪ੍ਰਬੰਧ ਕੀਤਾ ਗਿਆ ਹੈ, ਜਿਸਦੇ ਮਾਧਿਅਮ ਨਾਲ 'ਸੈਲਫੀ' ਲੈਣਾ ਸਹਿਜ ਹੋ ਜਾਂਦਾ ਹੈ। ਨੌਜਵਾਨਾਂ ਨੂੰ ਇਹ ਇਕ ਨਵੀਂ ਸਹੂਲਤ ਪ੍ਰਾਪਤ ਹੋਈ ਹੈ ਆਪਣੇ ਮਨਪਰਚਾਵੇ ਲਈ। ਕੁਝ ਵਿਸ਼ੇਸ਼ ਹਾਲਾਤਾਂ ਨੂੰ ਆਪਣੇ ਕੈਮਰੇ ਵਿੱਚ ਬੰਦ ਕਰਕੇ ਵੱਟਸਐਪ ਦੇ ਮਾਧਿਅਮ ਨਾਲ ਐਸ.ਐਮ.ਐਸ. ਜਾਂ ਐਮ.ਐਮ. ਐਸ. ਕਰਕੇ ਆਪਣੇ ਚਾਹੁਣ ਵਾਲਿਆਂ ਤਕ ਤੁਰੰਤ ਭੇਜਣ ਦਾ ਆਸਾਨ ਸਾਧਨ ਬਣ ਗਿਆ। ਅੱਜ ਦੀ ਨੌਜਵਾਨ ਪੀੜੀ ਇਸ ਸਹੂਲਤ ਦਾ ਐਨਾ ਦੁਰਉਪਯੋਗ ਕਰਨ ਲਗੀ ਹੈ ਕਿ ਈਸ਼ਵਰ ਦੀ ਇਸ ਅਨਮੋਲ ਦੇਨ-ਮਾਨਵ ਜੀਵਨ ਨੂੰ ਹੀ ਸਮਾਪਤ ਕਰਦੀ ਜਾ ਰਹੀ ਹੈ।

ਬਲਿਊਟੁੱਥ, ਇੰਸਟ੍ਰਾਗ੍ਰਾਮ ਅਤੇ ਨਾ ਜਾਣੇ ਅਜਿਹੇ ਅਨੇਕ ਗੈਜੇਟਸ ਨੌਜਵਾਨਾਂ ਦੇ ਉਪਯੋਗ ਲਈ ਭਰੇ ਪਏ ਹਨ। ਹਾਲ ਹੀ ਵਿੱਚ ਕੁਝ ਸਮਾਚਾਰ ਪੱਤਰਾਂ ਵਿੱਚ ਪ੍ਰਕਾਸ਼ਿਤ ਆਂਕੜੇ ਦੱਸਦੇ ਹਨ ਕਿ ਸੈਲਫੀ ਦਾ ਇਹ ਖਤਰਨਾਕ ਜਨੂਨ ਅਨੇਕ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਆਪਣੀ ਲਪੇਟ ਵਿੱਚ ਲੈ ਚੁੱਕਾ ਹੈ।

ਕੁਝ ਦਿਨ ਪਹਿਲਾਂ ਸਮਾਚਾਰ-ਪੱਤਰਾਂ ਵਿੱਚ ਇਕ ਰਿਪੋਰਟ ਪ੍ਰਕਾਸ਼ਿਤ ਹੋਈ ਸੀ, ਕਿ ਸੈਲਫੀ ਲੈਂਦੇ ਸਮੇਂ ਅਨੁਮਾਨਤ : 127 ਮੌਤਾਂ ਦੀ ਸੂਚਨਾ ਸੀ ਅਤੇ ਉਸ ਵਿਚੋਂ ਕੇਵਲ ਭਾਰਤ ਵਿੱਚ ਹੀ 76 ਮੌਤਾਂ (ਪਾਕਿਸਤਾਨ-9, ਅਮਰੀਕਾ-8 ਅਤੇ ਰੂਸ-6 ਇਸੇ ਤਰ੍ਹਾਂ ਨਾਲ ਹੋਰ ਵੀ ਦੇਸ਼ਾਂ ਵਿੱਚ) ਇਸ ਤੋਂ ਸਹਿਜ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ, ਪਤਾ ਨਹੀਂ ਕਿਉਂ ਇਹ ਸੈਲਫੀ ਲੈਣ ਦਾ ਭੂਤ ਸਭ ਤੋਂ ਜ਼ਿਆਦਾ ਭਾਰਤ ਦੇ ਨੌਜਵਾਨਾਂ ਨੂੰ ਹੀ ਚੜ੍ਹਿਆ ਹੋਇਆ ਹੈ।

ਉਂਝ ਇਹ ਸ਼ੌਕ ਬੇਸ਼ਕ ਨੌਜਵਾਨ ਪੂਰਾ ਕਰਨ, ਪਰ ਕੇਵਲ ਸੁਰੱਖਿਅਤ ਥਾਵਾਂ ਤੇ ਹੀ। ਪਾਣੀ ਅੰਦਰ ਵੜ ਕੇ ਨਹੀਂ, ਉਚੀਆਂ ਇਮਾਰਤਾਂ ਤੇ ਚੜ ਕੇ ਨਹੀਂ, ਰੇਲਵੇ ਦੀਆਂ ਪਟਰੀਆਂ ਤੇ ਨਹੀਂ, ਪਿਸਤੌਲ ਦੇ ਨਾਲ ਵੀ ਨਹੀਂ, ਸੈਲਫੀ ਦੇ ਚੱਕਰ ਵਿੱਚ ਖੁਦ ਨੂੰ ਮੌਤ ਦਾ ਬੁਲਾਵਾ ਦੇਣਾ ਹੈ। ਇਹ ਗੱਲ ਸਦਾ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਕੋਈ ਵੀ ਸੈਲਫੀ ਜ਼ਿੰਦਗੀ ਤੋਂ ਜ਼ਿਆਦਾ ਕੀਮਤੀ ਨਹੀਂ ਹੈ। ■

❑ ਮਨਮੋਹਨ ਬਾਵਾ

# ਮਹਾਨ ਕ੍ਰਾਂਤੀਕਾਰੀ ਸਨ
# ਸ਼ਹੀਦ ਭਗਤ ਸਿੰਘ



ਪਿਆਰੇ ਬੱਚਿਉ! ਤੁਸੀਂ ਸਾਰਿਆਂ ਨੇ ਸ਼ਹੀਦ-ਏ-ਆਜਮ ਭਗਤ ਸਿੰਘ ਦੇ ਬਾਰੇ ਕਾਫੀ ਕੁਝ ਸੁਣਿਆ ਹੈ ਕਿ ਉਹ ਸਾਡੇ ਦੇਸ਼ ਦੇ ਸੱਚੇ ਵੀਰ ਸਪੂਤ ਸਨ ਜੋ ਦੇਸ਼ ਨੂੰ ਆਜ਼ਾਦੀ ਦਿਵਾਉਣ ਲਈ ਆਪਣੀ ਜਵਾਨੀ ਵਿੱਚ ਹੀ ਫਾਂਸੀ ਦੇ ਫੰਦੇ ਤੇ ਝੂਲ ਗਏ। ਦਰਅਸਲ ਉਹ ਸਾਡੀ ਚੇਤਨਾ ਨੂੰ ਜਗਾਉਣ ਵਾਲੇ ਨਾਇਕ ਸਨ। ਅਸੀਂ ਅੰਗ੍ਰੇਜ਼ਾਂ ਦੇ ਵਿਰੁੱਧ ਆਜ਼ਾਦੀ ਦੀ ਨਿਰਣਾਇਕ ਲੜਾਈ ਭਾਵੇਂ ਉਹਨਾਂ ਦੀ ਨਾਮੌਜੂਦਗੀ ਵਿੱਚ ਜਿੱਤੀ ਹੋਵੇ, ਪਰ ਇਸ ਜਿੱਤ ਦੇ ਜੋਸ਼ ਦਾ ਸ੍ਰੋਤ ਭਗਤ ਸਿੰਘ ਹੀ ਸਨ। ਭਗਤ ਸਿੰਘ ਸਾਡੀ ਚੇਤਨਾ ਵਿੱਚ ਕ੍ਰਾਂਤੀ ਜਗਾਉਣ ਵਾਲੀ ਨੀਂਹ ਦੀ ਤਰ੍ਹਾਂ ਸਨ।

ਭਗਤ ਸਿੰਘ ਇਕ ਕ੍ਰਾਂਤੀਕਾਰੀ ਪਰਿਵਾਰ ਵਿੱਚ ਪੈਦਾ ਹੋਏ ਸਨ। ਉਹਨਾਂ ਦੇ ਚਾਚਾ ਅਜੀਤ ਸਿੰਘ ਅਤੇ ਪਿਤਾ ਕਿਸ਼ਨ ਸਿੰਘ ਵੀ ਕ੍ਰਾਂਤੀਕਾਰੀ ਸਨ। ਉਹਨਾਂ ਦੀ ਸਕੂਲੀ ਪੜ੍ਹਾਈ ਲਾਹੌਰ ਵਿੱਚ ਹੋਈ। ਇਥੋਂ ਦੇ ਡੀ.ਏ.ਵੀ. ਕਾਲਜ ਵਿੱਚ ਪੜਦੇ ਹੋਏ ਭਗਤ ਸਿੰਘ ਦੋ ਅਧਿਆਪਕਾਂ ਭਾਈ ਪਰਮਾਨੰਦ ਅਤੇ ਜੈਚੰਦ ਵਿਦਿਆਲੰਕਾਰ ਦੇ ਕ੍ਰਾਂਤੀਕਾਰੀ ਵਿਚਾਰਾਂ ਤੋਂ ਕਾਫੀ ਪ੍ਰਭਾਵਿਤ ਹੋਏ।

**ਤਰਕਵਾਦੀ ਵਿਅਕਤੀ ਸਨ ਭਗਤ ਸਿੰਘ :-**
ਭਗਤ ਸਿੰਘ ਦੇਸ਼ ਨੂੰ ਵਾਸਤਵਿਕ ਆਜ਼ਾਦੀ ਦਿਵਾਉਣਾ ਚਾਹੁੰਦੇ ਸਨ। ਉਹ ਸਮਾਜਵਾਦੀ ਵਿਚਾਰਧਾਰਾ ਦੇ ਸਨ, ਇਸ ਲਈ ਮਹਾਤਮਾ ਗਾਂਧੀ ਅਤੇ ਉਹਨਾਂ ਦੇ ਵਿਚਕਾਰ ਮਤਭੇਦ ਸਨ। ਗਾਂਧੀ ਜੀ ਅਤੇ ਕਾਂਗਰਸ ਉਹਨਾਂ ਉਤੇ ਹਿੰਸਕ ਰਾਹ ਤੇ ਚੱਲਣ ਦਾ ਆਰੋਪ ਲਾਉਂਦੇ ਸਨ, ਪਰ ਭਗਤ ਸਿੰਘ ਅਸਲ ਵਿੱਚ ਬਹੁਤ ਤਰਕ ਪ੍ਰੇਮੀ ਅਤੇ ਸੰਵੇਦਨਸ਼ੀਲ ਵਿਅਕਤੀ ਸਨ। ਉਹਨਾਂ ਨੇ 'ਬੰਮਪੂਜਾ ਦਾ ਫਲਸਫਾ' ਨਾਮਕ ਆਪਣੇ ਲੇਖ ਵਿੱਚ ਆਪਣੀ ਉਗ੍ਰਤਾ ਦੇ ਮਾਨਵੀ ਆਧਾਰਾਂ ਨੂੰ ਪੇਸ਼ ਕੀਤਾ ਹੈ।

**ਜਦੋਂ ਲਿਆ ਲਾਲਾ ਜੀ ਦੀ ਮੌਤ ਦਾ ਬਦਲਾ:-**
ਭਗਤ ਸਿੰਘ ਨੇ ਹੋਰ ਕ੍ਰਾਂਤੀਕਾਰੀਆਂ ਨਾਲ ਮਿਲ ਕੇ ਭਾਰਤ ਨੂੰ ਆਜ਼ਾਦ ਕਰਾਉਣ ਦੀ ਯੋਜਨਾ ਬਣਾਈ ਜਿਨ੍ਹਾਂ ਵਿੱਚ ਸੁਖਦੇਵ, ਰਾਜਗੁਰੂ, ਯਸ਼ਪਾਲ, ਭਗਵਤੀਚਰਨ, ਚੰਦਰਸ਼ੇਖਰ ਆਜ਼ਾਦ, ਵੀ.ਕੇ. ਦੱਤ, ਸੁਰਿੰਦਰ ਪਾਂਡਿਆ ਅਤੇ ਜਤਿੰਦਰ ਨਾਥ ਦਾਸ ਆਦਿ ਪ੍ਰਮੁੱਖ ਸਨ, ਉਹਨਾਂ ਨੇ ਦਾਸ ਤੋਂ ਬੰਬ ਬਣਾਉਣਾ ਸਿਖਿਆ। 1926 ਵਿੱਚ ਦੁਸ਼ਹਿਰੇ ਦੇ ਦਿਨ ਲਾਹੌਰ ਵਿੱਚ ਬੰਬ ਵਿਸਫੋਟ ਦੇ ਸਿਲਸਿਲੇ ਵਿੱਚ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ, ਪਰ ਸਬੂਤਾਂ ਦੀ ਘਾਟ ਦੇ ਕਾਰਣ ਉਹਨਾਂ ਨੂੰ ਛੱਡ ਦਿਤਾ ਗਿਆ। ਪੁਲਿਸ ਦੀਆਂ ਲਾਠੀਆਂ ਨਾਲ ਹੋਈ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਭਗਤ ਸਿੰਘ, ਰਾਜਗੁਰੂ ਅਤੇ ਆਜ਼ਾਦ ਨੇ ਪੁਲਿਸ ਅਫ਼ਸਰ ਸਕਾਟ ਨੂੰ ਮਾਰਨ ਦੀ ਯੋਜਨਾ

ਬਣਾਈ, ਪਰ ਧੋਖੇ 'ਚ ਉਹਨਾਂ ਨੇ ਹੈਡ ਕਾਂਸਟੇਬਿਲ ਸੈਂਡਰਸ ਨੂੰ ਗੋਲੀ ਮਾਰ ਦਿੱਤੀ। 8 ਅਪ੍ਰੈਲ, 1929 ਨੂੰ ਬੀ.ਕੇ. ਦੱਤ ਅਤੇ ਭਗਤ ਸਿੰਘ ਨੇ ਸੈਂਟਰਲ ਅਸੈਂਬਲੀ ਵਿੱਚ ਬੰਬ ਸੁੱਟਿਆ। 23 ਮਾਰਚ, 1931 ਨੂੰ ਲਾਹੌਰ ਦੀ ਕੇਂਦਰੀ ਜੇਲ੍ਹ ਵਿੱਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਹੋ ਗਈ।

**ਬੰਦੂਕਾਂ ਬੀਜ਼ ਰਿਹਾ ਹਾਂ ਦਾਦਾ :–** ਭਗਤ ਸਿੰਘ ਦਾ ਜਨਮ 1907 ਵਿੱਚ ਲਾਇਲਪੁਰ ਜਿਲ੍ਹੇ ਦੇ ਬਾਂਗਾ ਪਿੰਡ ਵਿੱਚ ਹੋਇਆ ਸੀ। ਹੁਣ ਇਹ ਜਿਲ੍ਹਾ ਪਾਕਿਸਤਾਨ ਵਿੱਚ ਹੈ ਅਤੇ ਇਸਦਾ ਨਾਂ ਬਦਲ ਕੇ ਫੈਸਲਾਬਾਦ ਕਰ ਦਿੱਤਾ ਗਿਆ ਹੈ। ਭਗਤ ਸਿੰਘ ਪਹਿਲੇ ਕ੍ਰਾਂਤੀਕਾਰੀ ਸਨ, ਜਿਨ੍ਹਾਂ ਨੇ 'ਇਨਕਲਾਬ – ਜ਼ਿੰਦਾਬਾਦ' ਦਾ ਨਾਅਰਾ ਬੁਲੰਦ ਕੀਤਾ ਸੀ। ਉਹਨਾਂ ਬਾਰੇ ਇਕ ਕਹਾਣੀ ਮਸ਼ਹੂਰ ਹੈ ਕਿ ਇਕ ਵਾਰ ਉਹ ਆਪਣੇ ਦਾਦਾ ਅਰਜੁਨ ਸਿੰਘ ਦੇ ਨਾਲ ਖੇਡਣ ਗਏ, ਉਥੇ ਉਹ ਮਿੱਟੀ ਵਿੱਚ ਕੁਝ ਬਣਾਉਣ ਲੱਗੇ। ਦਾਦਾ ਜੀ ਨੇ ਪੁੱਛਿਆ, ਬੇਟਾ ਕੀ ਕਰ ਰਹੇ ਹੋ? ਤਾਂ ਭਗਤ ਸਿੰਘ ਦਾ ਜਵਾਬ ਸੀ, 'ਬੰਦੂਕਾਂ ਬੀਜ਼ ਰਿਹਾ ਹਾਂ।''

**ਅਖਬਾਰਾਂ ਦੇ ਸੰਪਾਦਕ ਵੀ ਰਹੇ :–** ਭਗਤ ਸਿੰਘ 1923 ਵਿੱਚ ਗ੍ਰੇਜੂਏਟ ਹੋ ਗਏ ਅਤੇ 1925 ਵਿੱਚ ਉਹਨਾਂ ਨੇ ਨੌਜਵਾਨ ਭਾਰਤ ਸਭਾ ਨਾਮਕ ਦਲ ਗਠਿਤ ਕੀਤਾ। ਭਗਤ ਸਿੰਘ ਨੇ ਅੰਮ੍ਰਿਤਸਰ ਤੋਂ ਨਿਕਲਣ ਵਾਲੇ ਉਰਦੂ ਪੱਤਰ 'ਕੀਰਤੀ' ਦਾ ਸੰਪਾਦਨ ਕੀਤਾ ਅਤੇ ਇਥੋਂ ਨਿਕਲਣ ਵਾਲੇ 'ਅਕਾਲੀ' ਪੱਤਰ ਦਾ ਵੀ ਸੰਪਾਦਨ ਕੀਤਾ। ਇਸ ਤੋਂ ਇਲਾਵਾ ਉਹਨਾਂ ਨੇ ਕਾਨਪੁਰ ਤੋਂ ਨਿਕਲਣ ਵਾਲੇ 'ਪ੍ਰਤਾਪ' ਅਤੇ ਦਿੱਲੀ ਤੋਂ ਨਿਕਲਣ ਵਾਲੇ 'ਅਰਜੁਨ' ਵਿੱਚ ਬਲਵੰਤ ਸਿੰਘ ਦੇ ਨਾਂ ਤੋਂ ਲੇਖ ਲਿਖੇ। ■

## ਸਧਾਰਨ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਏਸ਼ੀਆ 2) ਪਰਸ਼ੀਆ 3) ਅਸਮੀਆ 4) ਅਨੁਸੂਆ
5) ਕਾਲੀਆ 6) ਮੰਗੋਲੀਆ 7) ਕਾਰਨੀਆ 8) ਇੰਡੋਨੇਸ਼ੀਆ
9) ਭਾਨੂ ਅਥੈਈਆ 10) ਆਸਟ੍ਰੇਲੀਆ 11) ਮਹਾਮਾਇਆ
12) ਅਲਬਾਨੀਆ 13) ਨਾਈਜ਼ੀਰੀਆ
14) ਰੁਪਿਆ 15) ਅਯੁਧਿਆ

ਬਾਲ ਕਵਿਤਾ : ਜਗਦੀਸ਼ ਬਹਾਦਰਪੁਰੀ

# ਸੋਹਣਾ, ਪਿਆਰਾ ਸਾਡਾ ਦੇਸ਼

ਸੋਹਣਾ, ਪਿਆਰਾ ਸਾਡਾ ਦੇਸ਼।
ਸ਼ਾਲਾ ਵਸਦਾ ਰਹੇ ਹਮੇਸ਼।
ਬਹੁਤ ਵਿਸ਼ਾਲ, ਸਵਰਗਾਂ ਵਰਗਾ।
ਉਚੇ ਪਰਬਤ ਹਨ ਜ਼ਿੰਦਗਾਨੀ।
ਖੁਸ਼ਬੂਦਾਰ ਨੇ ਜੰਗਲ-ਬੇਲੇ।
ਜੀਵ-ਜੰਤੂ ਕੁਦਰਤ ਦੇ ਮੇਲੇ।
ਪੰਜਾਬ, ਹਿਮਾਚਲ ਤੇ ਹਰਿਆਣਾਂ।
ਕਸ਼ਮੀਰ, ਬਿਹਾਰ, ਅਸਾਮ ਵੀ ਆਣਾਂ।
ਮਧਪ੍ਰਦੇਸ਼, ਯੂ.ਪੀ, ਕਰਨਾਟਕ।
ਗੁਜਰਾਤ, ਕੇਰਲਾ, ਆਂਧਰ, ਅਰੁਣਾਂਚਲ।
ਹੋਰ ਅਨੇਕਾਂ ਹਨ ਪ੍ਰਦੇਸ਼।
ਐਸਾ ਸੁੰਦਰ ਸਾਡਾ ਦੇਸ਼।
ਕਈ ਬੋਲੀਆਂ, ਨਸਲਾਂ ਵਾਲਾ।
ਫਲਾਂ, ਫੁੱਲਾਂ ਅਤੇ ਫਸਲਾਂ ਵਾਲਾ।
ਸਾਡਾ ਕੌਮੀ ਤਿਰੰਗਾ ਪਿਆਰਾ।
ਕੁਲ ਦੁਨੀਆ ਤੋਂ ਲਗਦਾ ਨਿਆਰਾ।
'ਜਗਦੀਸ਼' ਇਹ ਸਾਡਾ ਮਾਣ ਤੇ ਜਾਨ।
ਭਾਰਤ, ਇੰਡੀਆ, ਹਿੰਦੁਸਤਾਨ !!



# ਮਰਹਮ

ਇਕ ਬਜ਼ੁਰਗ ਵਿਅਕਤੀ ਸੀ, ਜੋ ਬੇਹੱਦ ਕਮਜ਼ੋਰ ਅਤੇ ਬੀਮਾਰ ਸੀ। ਰਹਿੰਦਾ ਵੀ ਇੱਕਲਾ ਹੀ ਸੀ। ਉਸਦੇ ਮੋਢੇ ਵਿੱਚ ਦਰਦ ਰਹਿੰਦਾ ਸੀ ਲੇਕਿਨ ਉਹ ਐਨਾ ਕਮਜ਼ੋਰ ਸੀ ਕਿ ਖੁਦ ਆਪਣੇ ਹੱਥਾਂ ਨਾਲ ਦਵਾ ਲਗਾਉਣ ਵਿੱਚ ਵੀ ਅਸਮਰਥ ਸੀ। ਮੋਢਿਆਂ ਤੇ ਦਵਾਈ ਲਗਾਉਣ ਲਈ ਕਦੇ ਕਿਸੇ ਦੀਆਂ ਮਿੰਨਤਾਂ ਕਰਦਾ ਅਤੇ ਕਦੇ ਕਿਸੇ ਦੀਆਂ। ਇਕ ਦਿਨ ਬਜ਼ੁਰਗ ਵਿਅਕਤੀ ਨੇ ਕੋਲੋਂ ਲੰਘਣ ਵਾਲੇ ਇਕ ਨੌਜਵਾਨ ਨੂੰ ਕਿਹਾ - ਬੇਟਾ! ਮੇਰੇ ਮੋਢਿਆਂ ਤੇ ਦਵਾ ਮਲ ਦੇ। ਭਗਵਾਨ ਤੇਰਾ ਭਲਾ ਕਰੇਗਾ।

ਨੌਜਵਾਨ ਨੇ ਕਿਹਾ - ਬਾਬਾ ਮੇਰੇ ਹੱਥਾਂ ਦੀਆਂ ਉਂਗਲੀਆਂ ਵਿੱਚ ਤਾਂ ਖੁਦ ਦਰਦ ਰਹਿੰਦਾ ਹੈ। ਮੈਂ ਕਿਵੇਂ ਤੇਰੇ ਮੋਢਿਆਂ ਦੀ ਮਾਲਿਸ਼ ਕਰਾਂ?

ਬਜ਼ੁਰਗ ਨੇ ਕਿਹਾ - ਬੇਟਾ! ਦਵਾ ਮਲਣ ਦੀ ਲੋੜ ਨਹੀਂ। ਬਸ ਇਸ ਡੱਬੀ ਵਿਚੋਂ ਥੋੜੀ ਜਿਹੀ ਮਰਹਮ ਆਪਣੀਆਂ ਉਂਗਲੀਆਂ ਨਾਲ ਕੱਢ ਕੇ ਮੇਰੇ ਮੋਢਿਆਂ ਤੇ ਫੈਲਾ ਦਿਉ। ਨੌਜਵਾਨ ਨੇ ਬੇਮੰਨੇ ਮਨ ਨਾਲ ਡਿੱਬੀ ਵਿਚੋਂ ਥੋੜੀ ਜਿਹੀ ਮਰਹਮ ਲੈ ਕੇ ਉਂਗਲੀਆਂ ਨਾਲ ਬਜ਼ੁਰਗ ਵਿਅਕਤੀ ਦੇ ਦੋਹਾਂ ਮੋਢਿਆਂ ਤੇ ਲਗਾ ਦਿੱਤੀ। ਦਵਾ ਲਗਾਉਂਦੇ ਹੀ ਬਜ਼ੁਰਗ ਦੀ ਬੇਚੈਨੀ ਘੱਟ ਹੋਣ ਲੱਗੀ ਅਤੇ ਉਹ ਉਸ ਨੌਜਵਾਨ ਨੂੰ ਆਸ਼ੀਰਵਾਦ ਦੇਣ ਲਗਾ - ਬੇਟਾ, ਭਗਵਾਨ ਤੇਰੀਆਂ ਉਂਗਲੀਆਂ ਨੂੰ ਵੀ ਜਲਦੀ ਠੀਕ ਕਰ ਦੇਵੇ। ਬਜ਼ੁਰਗ ਦੇ ਆਸ਼ੀਰਵਾਦ ਤੇ ਨੌਜਵਾਨ ਹੱਸਿਆ ਲੇਕਿਨ ਨਾਲ ਹੀ ਉਸ ਨੇ ਮਹਿਸੂਸ ਕੀਤਾ ਕਿ ਉਸਦੀਆਂ ਉਂਗਲੀਆਂ ਦਾ ਦਰਦ ਵੀ ਗਾਇਬ ਹੁੰਦਾ ਜਾ ਰਿਹਾ ਹੈ।

ਅਸਲ ਵਿੱਚ ਬਜ਼ੁਰਗ ਨੂੰ ਮਰਹਮ ਲਗਾਉਣ ਦੇ ਦੌਰਾਨ ਨੌਜਵਾਨ ਦੀਆਂ ਉਂਗਲੀਆਂ ਤੇ ਵੀ ਕੁਝ ਮਰਹਮ ਲਗ ਗਈ ਸੀ। ਇਹ ਉਸ ਮਰਹਮ ਦਾ ਹੀ ਕਮਾਲ ਸੀ ਜਿਸ ਨਾਲ ਨੌਜਵਾਨ ਦੀਆਂ ਉਂਗਲੀਆਂ ਦਾ ਦਰਦ ਗਾਇਬ ਹੁੰਦਾ ਜਾ ਰਿਹਾ ਸੀ। ਹੁਣ ਤਾਂ ਨੌਜਵਾਨ ਸਵੇਰੇ, ਦੁਪਹਿਰ ਅਤੇ ਸ਼ਾਮ ਤਿੰਨੋਂ ਵਕਤ ਬਜ਼ੁਰਗ ਵਿਅਕਤੀ ਦੇ ਮੋਢਿਆਂ ਤੇ ਮਰਹਮ ਲਗਾਉਂਦਾ ਅਤੇ ਉਸਦੀ ਸੇਵਾ ਕਰਦਾ। ਕੁਝ ਹੀ ਦਿਨਾਂ ਵਿੱਚ ਬਜ਼ੁਰਗ ਪੂਰੀ ਤਰ੍ਹਾਂ ਠੀਕ ਹੋ ਗਿਆ ਅਤੇ ਨਾਲ ਹੀ ਨੌਜਵਾਨ ਦੇ ਦੋਹਾਂ ਹੱਥਾਂ ਦੀਆਂ ਉਂਗਲੀਆਂ ਵੀ ਦਰਦ-ਮੁਕਤ ਹੋ ਕੇ ਠੀਕ ਤਰ੍ਹਾਂ ਕੰਮ ਕਰਨ ਲੱਗੀਆਂ। ਤਦ ਹੀ ਤਾਂ ਕਿਹਾ ਗਿਆ ਹੈ ਕਿ ਜੋ ਦੂਸਰਿਆਂ ਦੇ ਜ਼ਖਮਾਂ ਤੇ ਮਰਹਮ ਲਗਾਉਂਦਾ ਹੈ, ਉਸਦੇ ਖੁਦ ਦੇ ਜ਼ਖਮਾਂ ਨੂੰ ਭਰਨ ਵਿੱਚ ਦੇਰ ਨਹੀਂ ਲੱਗਦੀ। ਦੂਸਰਿਆਂ ਦੀ ਮਦਦ ਕਰਕੇ ਅਸੀਂ ਆਪਣੇ ਲਈ ਰੋਗ-ਮੁਕਤੀ, ਵਧੀਆ ਸਿਹਤ ਅਤੇ ਲੰਮੀ ਉਮਰ ਦੀ ਅਸ਼ੀਰਵਾਦ ਲੈਂਦੇ ਹਾਂ।



❑ ਡਾ: ਭਾਰਦਵਾਜ

# ਕਿਉਂ ਕਰਦੀਆਂ ਹਨ ਮਧੂਮੱਖੀਆਂ ਡਾਂਸ



ਮਧੂਮੱਖੀਆਂ ਦਾ ਨਾਚ, ਵਾਰਤਾਲਾਪ ਕਰਨ ਦਾ ਇਕ ਮੁੱਖ ਤਰੀਕਾ ਹੁੰਦਾ ਹੈ। ਇਸ ਨਾਲ ਉਹ ਹੋਰ ਮਧੂਮੱਖੀਆਂ ਨੂੰ ਕਈ ਤਰ੍ਹਾਂ ਦੇ ਸੰਦੇਸ਼ ਪ੍ਰਦਾਨ ਕਰਦੀਆਂ ਹਨ ਜਿਵੇਂ ਭੋਜਨ ਕਿਸ ਦਿਸ਼ਾ ਵਿੱਚ ਹੈ ਅਤੇ ਛੱਤੇ ਤੋਂ ਕਿੰਨੀ ਦੂਰ ਹੈ ਅਤੇ ਉਥੇ ਕਿੰਨਾ ਭੋਜਨ ਮੌਜੂਦ ਹੈ। ਜੋ ਮੱਖੀਆਂ ਪਰਾਗ ਦੀ ਖੋਜ ਵਿੱਚ ਲੱਗੀਆਂ ਹਨ, ਉਹ ਇਕ ਖਾਸ ਤਰ੍ਹਾਂ ਦੇ ਨਾਚ ਨਾਲ ਹੋਰ ਮਧੂਮੱਖੀਆਂ ਨੂੰ ਇਸਦੀ ਸੂਚਨਾ ਦਿੰਦੀਆਂ ਹਨ। ਜਦੋਂ ਇਹਨਾਂ ਨੂੰ ਕਾਫੀ ਮਾਤਰਾ ਵਿੱਚ ਪਰਾਗ ਮਿਲ ਜਾਂਦਾ ਹੈ ਤਾਂ ਇਹ ਮੰਡਲ ਨਾਚ (ਗੋਲ ਘੇਰੇ ਵਿੱਚ) ਕਰਦੀਆਂ ਹਨ ਜਿਸ ਦਾ ਅਰਥ ਹੈ ਇਹਨਾਂ ਨੂੰ ਪਰਾਗ ਮਿਲ ਗਿਆ ਹੈ।

ਜੇਕਰ ਫੁੱਲਾਂ ਦੇ ਆਸਪਾਸ ਮੰਡਰਾਉਂਦੇ ਸਮੇਂ ਮਧੂਮੱਖੀਆਂ ਨੂੰ ਖਤਰੇ ਦਾ ਅਹਿਸਾਸ ਹੁੰਦਾ ਹੈ ਤਾਂ ਉਹ ਆਪਣੇ ਹੀ ਅੰਦਾਜ਼ ਵਿੱਚ ਆਪਣੇ ਸਾਥੀਆਂ ਨੂੰ ਖਤਰੇ ਦੇ ਪ੍ਰਤੀ ਸਾਵਧਾਨ ਕਰ ਦਿੰਦੀਆਂ ਹਨ। ਖਤਰੇ ਤੋਂ ਸਾਵਧਾਨ ਕਰਨ ਲਈ ਉਹ ਖਾਸ ਕਿਸਮ ਦਾ ਡਾਂਸ ਕਰਦੀਆਂ ਹਨ।


ਵਿਗਿਆਨਕਾਂ ਨੂੰ ਇਸ ਗੱਲ ਦਾ ਤਦ ਪਤਾ ਲੱਗਿਆ ਜਦੋਂ ਉਹਨਾਂ ਨੇ ਕੁਝ ਫੁੱਲਾਂ ਦੇ ਕੋਲ ਮਰੀ ਹੋਈ ਮੱਖੀ ਰੱਖ ਦਿੱਤੀ। ਫਿਰ ਅਧਿਐਨ ਕੀਤਾ ਕਿ ਉਥੇ ਆਉਣ ਵਾਲੀਆਂ ਹੋਰ ਮਧੂਮੱਖੀਆਂ ਖ਼ਤਰੇ ਦੇ ਪ੍ਰਤੀ ਕੀ ਪ੍ਰਤੀਕਿਰਿਆ ਦਿੰਦੀਆਂ ਹਨ। ਅਧਿਐਨ ਤੋਂ ਪਤਾ ਲੱਗਿਆ ਕਿ ਖਤਰੇ ਦਾ ਪਤਾ ਲੱਗਦੇ ਹੀ ਉਹ ਇਕ ਅਨੋਖਾ ਡਾਂਸ 'ਵੈਗਲ ਡਾਂਸ' ਨਾਲ ਦੂਜੀਆਂ ਮਧੂਮੱਖੀਆਂ ਤਕ ਸੰਦੇਸ਼ ਭੇਜ ਦਿੰਦੀਆਂ ਹਨ ਕਿ ਅੱਗੇ ਖਤਰਾ ਹੈ। ਜਦੋਂ ਮਧੂਮੱਖੀਆਂ ਆਪਣੇ ਛੱਤੇ ਵੱਲ ਵਾਪਸ ਆਉਂਦੀਆਂ ਹਨ ਤਾ ਇਕ ਕਠਿਨ ਕਿਸਮ ਦਾ ਡਾਂਸ ਕਰਦੀਆਂ ਹਨ।

ਵਿਗਿਆਨਕਾਂ ਨੇ ਇਸ ਉਤੇ ਇਕ ਨਵਾਂ ਪ੍ਰਯੋਗ ਕੀਤਾ। ਮਧੂਮੱਖੀਆਂ ਨੂੰ ਦੋ ਬਨਾਵਟੀ ਫੁੱਲਾਂ ਦੇ ਕੋਲ ਭੇਜਿਆ ਗਿਆ, ਇਹਨਾਂ ਵਿੱਚ ਇਕੋ ਜਿਹਾ ਖਾਣਾ ਮੌਜੂਦ ਸੀ। ਇਕ ਫੁੱਲ ਉਤੇ ਦੋ ਮਰੀ ਹੋਈ ਮਧੂਮੱਖੀਆਂ ਨੂੰ ਵੀ ਰੱਖ ਦਿੱਤਾ ਗਿਆ ਤਾਂਕਿ ਆਉਣ ਵਾਲੀਆਂ ਮਧੂਮੱਖੀਆਂ ਇਹਨਾਂ ਨੂੰ ਵੇਖ ਸਕਣ। ਵਿਗਿਆਨਕਾਂ ਨੇ ਪਾਇਆ ਕਿ ਜਦੋਂ ਮਧੂਮੱਖੀਆਂ ਇਹੋ ਜਿਹੇ ਫੁੱਲਾਂ ਦੇ ਕੋਲੋਂ ਵਾਪਸ ਆਉਂਦੀਆਂ ਹਨ ਜਿਥੋਂ ਉਹਨਾਂ ਨੂੰ ਭਰਪੂਰ ਖਾਣਾ ਮਿਲੇਗਾ ਤਾਂ ਉਹ ਵੀਹ ਤੋਂ ਤੀਹ ਵਾਰ ਜ਼ਿਆਦਾ ਡਾਂਸ ਕਰਦੀਆਂ ਹਨ। ਜਦ ਉਹਨਾਂ ਨੂੰ ਲੱਗਦਾ ਹੈ ਕਿ ਫੁੱਲਾਂ ਦੇ ਨੇੜੇ ਮੱਕੜੀਆਂ ਆਦਿ ਦੇ ਜਾਲ ਵਿੱਚ ਫਸਣ ਦਾ ਖ਼ਤਰਾ ਹੈ ਤਾਂ ਉਹ ਛੱਤੇ ਤੇ ਵਾਪਸ ਜਾ ਕੇ ਅਜਿਹਾ ਨਹੀਂ ਕਰਦੀਆਂ ਅਰਥਾਤ ਮਧੂਮੱਖੀਆਂ ਇਹ ਪਤਾ ਕਰ ਲੈਂਦੀਆਂ ਹਨ ਕਿ ਕੁਝ ਫੁੱਲਾਂ ਕੋਲ ਜਾਣਾ ਖਤਰਨਾਕ ਹੋ ਸਕਦਾ ਹੈ ਅਤੇ ਉਹ ਖਤਰੇ ਦਾ ਇਹ ਸੰਦੇਸ਼ ਆਪਣੇ ਵੈਗਲ ਡਾਂਸ ਦੇ ਰਾਹੀਂ ਸਾਥੀਆਂ ਨੂੰ ਵੀ ਦਿੰਦੀਆਂ ਹਨ।

ਨੀਂਦ ਨਾ ਮਿਲਣ ਤੇ ਮਧੂਮੱਖੀਆਂ ਦਾ ਵਿਵਹਾਰ ਪ੍ਰਭਾਵਿਤ ਹੁੰਦਾ ਹੈ। ਨਿਰੀਖਣ ਦੇ ਦੌਰਾਨ ਉਹਨਾਂ ਨੇ ਮਧੂਮੱਖੀਆਂ ਦੇ ਛੱਤੇ ਤੇ ਚੁੰਬਕੀ ਚਕਰੀ ਲਗਾ ਦਿੱਤੀ। ਛੱਤੇ ਦੇ ਕੋਲ ਇਕ ਚੁੰਬਕ ਨੂੰ ਲਗਾਤਾਰ ਗਤੀ ਵਿੱਚ ਰੱਖਣ ਦੇ ਕਾਰਣ ਉਹ ਸੌਂ ਨਹੀਂ ਸਕਦੀਆਂ ਸਨ। ਇਹ ਵੇਖਿਆ ਗਿਆ ਕਿ ਚੁੰਬਕੀ ਚਕਰੀ ਵਾਲੀਆਂ ਬਾਅਦ ਵਿੱਚ ਆਪਣੇ ਡਾਂਸ ਰਾਹੀਂ ਭੋਜਨ ਸਥਾਨ ਦੀ ਦਿਸ਼ਾ ਦੱਸਣ ਵਿੱਚ ਅਸਮਰਥ ਰਹੀਆਂ। ਇਸਦਾ ਅਰਥ ਇਹ ਹੋਇਆ ਕਿ ਅਗਰ ਉਹਨਾਂ ਨੂੰ ਨੀਂਦ ਤੋਂ ਵਾਂਝਾ ਰੱਖਿਆ ਜਾਏ ਤਾਂ ਉਹ ਚੰਗੀ ਤਰ੍ਹਾਂ ਡਾਂਸ ਨਹੀਂ ਕਰ ਸਕਦੀਆਂ।

ਪ੍ਰੇਰਕ ਪ੍ਰਸੰਗ : ਊਸ਼ਾ ਸਭਰਵਾਲ

# ਸੱਚੀ ਲਗਨ ਅਤੇ ਧੀਰਜ



ਪ੍ਰਸਿੱਧ ਰੂਸੀ ਮਨੋਵਿਗਿਆਨਕ ਪਾਵਲੋਵ ਜਦ ਮੌਤ ਦੇ ਨੇੜੇ ਸਨ ਤਾਂ ਉਸਦੇ ਪਿਆਰੇ ਵਿਦਿਆਰਥੀਆਂ ਨੇ ਉਹਨਾਂ ਤੋਂ ਸਫਲਤਾ ਦਾ ਰਾਜ ਪੁੱਛਿਆ ਜੋ ਉਹਨਾਂ ਦੇ ਜੀਵਨ ਵਿੱਚ ਵੀ ਉਪਯੋਗੀ ਹੋਵੇ।

ਉੱਤਰ ਵਿੱਚ ਪਾਵਲੋਵ ਨੇ ਕਿਹਾ ਸੀ –

**ਤੀਬਰ ਇੱਛਾ ਅਤੇ ਧੀਰ ਗਤੀ !**

ਤੀਬਰ ਇੱਛਾ ਦਾ ਅਰਥ ਹੈ 'ਸੱਚੀ ਲਗਨ' ਅਤੇ ਧੀਰ ਗਤੀ ਦਾ ਮਤਲਬ ਹੈ 'ਪ੍ਰਗਤੀ ਦੇ ਦੌਰਾਨ ਧੀਰਜ ਰੱਖਣਾ'। ਕਿਸੇ ਵੀ ਖੇਤਰ ਵਿੱਚ ਜਿੱਤ ਪ੍ਰਾਪਤ ਕਰਨ ਲਈ ਮਨ ਵਿੱਚ ਕੇਵਲ ਤੀਵਰ ਇੱਛਾ ਹੀ ਨਹੀਂ ਵਰਨਾ ਹੌਲੀ-ਹੌਲੀ ਵਧਣ ਦਾ ਧੀਰਜ ਵੀ ਹੋਣਾ ਚਾਹੀਦਾ ਹੈ। ਜਲਦਬਾਜ਼ੀ ਵਿੱਚ ਮਕਸਦ ਤਕ ਪਹੁੰਚਣ ਦਾ ਯਤਨ ਕਦੇ-ਕਦੇ ਅਸਫਲਤਾ ਦਾ ਕਾਰਣ ਬਣ ਜਾਂਦਾ ਹੈ। ਤੀਬਰ ਇੱਛਾ ਦਾ ਅਰਥ ਹੈ ਮਕਸਦ ਪ੍ਰਾਪਤੀ ਦਾ ਸੰਕਲਪ। ਸਾਨੂੰ ਆਪਣੇ ਜੀਵਨ ਵਿੱਚ ਸਾਰੇ ਕਾਰਜ ਪੂਰੀ ਨਿਸ਼ਠਾ ਦੇ ਨਾਲ ਕਰਨੇ ਚਾਹੀਦੇ ਹਨ। ਅਭਿਆਸ ਹੀ ਜੀਵਨ ਵਿੱਚ ਸਫਲਤਾ ਦਾ ਰਾਜ ਹੈ।

ਅੱਜ ਸਾਡੀ ਸਭ ਤੋਂ ਵੱਡੀ ਸਮੱਸਿਆ ਹੈ ਕਿ ਅਸੀਂ ਮਕਸਦ ਦੇ ਲਈ ਅਭਿਆਸ ਧੀਰਜਪੂਰਵਕ ਨਹੀਂ ਕਰਦੇ। ਕਾਰਜ ਸ਼ੁਰੂ ਕਰ ਦਿੰਦੇ ਹਾਂ। ਮੈਨੂੰ ਯਾਦ ਹੈ ਕਿ ਜਦ ਅਸੀਂ ਛੋਟੇ ਸੀ ਤਾਂ ਅੰਬ ਦੀ ਕੋਈ ਗਿਟਕ ਉਠਾ ਕੇ ਛੋਟੇ ਜਿਹੇ ਬਰਤਨ ਵਿੱਚ ਮਿੱਟੀ ਪਾ ਕੇ ਬੀਜ਼ ਦਿੰਦੇ ਸੀ। ਇਕ ਘੰਟੇ ਬਾਦ ਜਾ ਕੇ ਵੇਖਦੇ ਸੀ ਕਿ ਰੁੱਖ ਉਗਿਆ ਜਾਂ ਨਹੀਂ। ਗੁਠਲੀ ਕੱਢ ਕੇ ਮਿੱਟੀ ਝਾੜਕੇ, ਧੋ ਕੇ ਫਿਰ ਬੀਜ਼ ਦਿੰਦੇ ਸੀ। ਇੰਤਜਾਰ ਕੇਵਲ ਇੰਤਜਾਰ ਬਣ ਕੇ ਰਹਿ ਜਾਂਦਾ ਸੀ। ਰੁੱਖ ਕਦੇ ਉਗ ਹੀ ਨਹੀਂ ਸਕਿਆ। ਅਗਰ ਗੁਠਲੀ ਨੂੰ ਅਸੀਂ ਜਮੀਨ ਵਿੱਚ ਬੀਜ਼ ਕੇ ਧੀਰਜਪੂਰਵਕ ਇੰਤਜਾਰ ਕਰਦੇ ਤਾਂ ਜ਼ਰੂਰ ਰੁੱਖ ਉਗਦਾ, ਅੰਬ ਲੱਗਦੇ।

ਇਕ ਅੰਗ੍ਰੇਜ਼ੀ ਦੀ ਕਹਾਵਤ ਵੀ ਹੈ short cut may cut you short ਸੰਖੇਪ ਉਪਾਅ ਨੂੰ ਅਪਨਾਉਣ ਤੇ ਨਾਕਾਮਯਾਬੀ ਹੋਣ ਦੀ ਅਧਿਕ ਸੰਭਾਵਨਾ ਹੈ।

ਪਾਵਲੋਵ ਦੇ ਸ਼ਬਦਾਂ ਦਾ ਕੇਵਲ ਐਨਾ ਹੀ ਭਾਵ ਹੈ ਕਿ ਤੀਬਰ ਇੱਛਾ ਅਤੇ ਹੌਲੀ-ਹੌਲੀ ਵਧਣ ਦਾ ਧੀਰਜ ਹੀ ਸਫਲਤਾ ਦੀ ਕੁੰਜੀ ਹੈ।

ਪਿਆਰੇ ਬੱਚਿਓ ! ਆਓ, ਅਸੀਂ ਵੀ ਇਹਨਾਂ ਸ਼ਬਦਾਂ ਨੂੰ ਜੀਵਨ ਵਿੱਚ ਅਪਨਾਈਏ। ■

- ਸਿਹਤ ਸਭ ਤੋਂ ਵੱਡਾ ਉਪਹਾਰ ਹੈ,
  ਸੰਤੋਸ਼ ਸਭ ਤੋਂ ਵੱਡਾ ਧਨ ਹੈ,
  ਵਿਸ਼ਵਾਸ ਸਭ ਤੋਂ ਵੱਡਾ ਹੌਸਲਾ ਹੈ।
  – ਮਹਾਤਮਾ ਬੁੱਧ
- ਅਗਰ ਆਪ ਸੋਚਦੇ ਹੋ ਕਿ ਆਪ ਨੂੰ ਸਭ ਕੁਝ ਆਉਂਦਾ ਹੈ ਤਾਂ ਯਕੀਨ ਕਰੋ ਆਪ ਨੂੰ ਕੁਝ ਨਹੀਂ ਆਉਂਦਾ।
  – ਸ਼ੇਕਸਪੀਅਰ

# ਰੰਗ ਭਰੋ





ਨਾਂ .......................................................................ਉਮਰ..........

ਪੂਰਾ ਪਤਾ.......................................................................

.......................................................................

.......................................................................

# ਜੂਨ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜ਼ਾ

**ਪਹਿਲਾ ਨੰ :**

ਪ੍ਰਨਵ ਕੁਮਾਰ ( ਉਮਰ 9 ਸਾਲ)
ਪਿੰਡ ਤੇ ਡਾਕਖਾਨਾ : ਪਾਸਲਾ
ਜ਼ਿਲਾ ਜਲੰਧਰ (ਪੰਜਾਬ)

**ਦੂਸਰਾ ਨੰ :**

ਅਮ੍ਰਿਤ ਖੁਰਾਨਾ (ਉਮਰ 10 ਸਾਲ)
1-B ਅਸ਼ੋਕ ਨਗਰ
ਸ਼ਹਿਨਾਈ ਪੈਲਸ ਦੇ ਨੇੜੇ
ਜ਼ਿਲਾ ਜਲੰਧਰ (ਪੰਜਾਬ)

**ਤੀਸਰਾ ਨੰ :**

ਸਰਬਜੀਤ ਕੌਰ (ਉਮਰ 11 ਸਾਲ)
ਗਲੀ ਨੰ: 6
ਕਰਨੈਲ ਗੇਟ, ਜਗਰਾਉਂ
ਜ਼ਿਲਾ ਲੁਧਿਆਣਾ (ਪੰਜਾਬ)

## ਪਸੰਦ ਕੀਤੇ ਗਏ -

ਗੁਰਮਨਦੀਪ ਸਿੰਘ (ਜਗਰਾਉਂ),
ਵਿਧਿਤ ਬਜਾਜ (ਖੁਸ਼ਹਾਲਪੁਰ),
ਯਸ਼ਿਕਾ (ਡੇਰਾ ਬਾਬਾ ਨਾਨਕ),
ਸ਼ਿਵਪ੍ਰੀਤ ਸਿੰਘ (ਅਮਰਾਲੀ),
ਸਾਹਿਲ ਸੇਠੀ (ਤਲਵੰਡੀ ਭਾਈ),
ਸੁਖਮਨਦੀਪ ਕੌਰ (ਭਲੂਰ),
ਸੁਨੀਤਾ (ਨਵਾਂ ਸ਼ਹਿਰ),
ਸਿਮਰਨ ਕੌਰ (ਧਰਮਪੁਰਾ),
ਏਕਤਾ (ਹਰੀਕੇ ਪੱਤਣ),
ਗੁਰਪ੍ਰੀਤ ਸਿੰਘ (ਰਣਜੀਤ ਵਿਹਾਰ),
ਸਮਰੱਥ ਅਹੂਜਾ (ਰਾਜਪੁਰਾ),
ਨਿਤਿਨ ਕੰਡਾ (ਤਲਵੰਡੀ ਭਾਈ),
ਨਿਤੀ ਚੰਦਰ (ਲੁਧਿਆਣਾ),
ਹੇਵਨ-ਸੁਮਨ (ਫਗਵਾੜਾ),
ਸੁਖਪ੍ਰੀਤ ਸਿੰਘ (ਮਾਨਸਾ),
ਸੁਭਮ (ਪੁਰਹੀਰਾ),
ਜਸਨੂਰਪ੍ਰੀਤ ਸਿੰਘ (ਜਗਰਾਉਂ)




## ਅਗਸਤ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਅਗਸਤ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਅਕਤੂਬਰ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।


15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

❑ ਕਮਲ ਸੋਗਾਨੀ

# ਕਿਥੋਂ ਆਉਂਦਾ ਹੈ ਮਾਨਸੂਨ ?

ਪਿਆਰੇ ਬੱਚਿਉ ! ਇਹ ਗੱਲ ਤਾਂ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੀ ਹੋ ਕਿ ਚੰਗੀ ਵਰਖਾ ਲਈ ਚੰਗੇ ਮਾਨਸੂਨ ਦਾ ਆਉਣਾ ਜ਼ਰੂਰੀ ਹੈ।

ਮਾਨਸੂਨ ਉਹ ਮੌਸਮੀ ਹਵਾਵਾਂ ਹਨ ਜਿਨ੍ਹਾਂ ਦੀਆਂ ਦਿਸ਼ਾਵਾਂ ਇਕ ਸਾਲ ਦੇ ਸਫਰ ਵਿੱਚ ਦੋ ਵਾਰ ਬਦਲਦੀਆਂ ਹਨ। ਇਹ ਹਵਾਵਾਂ ਗਰਮੀਆਂ ਵਿੱਚ ਮਹਾਸਾਗਰਾਂ ਤੋਂ ਮਹਾਦੀਪ ਅਤੇ ਠੰਡ ਦੇ ਮੌਸਮ ਵਿੱਚ ਮਹਾਂਦੀਪਾਂ ਤੋਂ ਮਹਾਂਸਾਗਰਾਂ ਵੱਲ ਪ੍ਰਵਾਹਿਤ ਹੁੰਦੀਆਂ ਹਨ।




ਗਰਮੀ ਦੀ ਰੁੱਤ ਵਿੱਚ ਸੂਰਜ ਉੱਤਰ ਵੱਲ ਹੋਣ ਦੇ ਕਾਰਣ ਪੱਛਮੀ ਉੱਤਰ ਭਾਰਤ ਵਿੱਚ ਹੇਠਾ ਵੱਲ ਏਅਰਲੋਡ ਸਥਾਪਿਤ ਹੋ ਜਾਂਦਾ ਹੈ ਅਤੇ ਆਸਟ੍ਰੇਲੀਆ ਦੇ ਕੋਲ ਹਿੰਦ ਮਹਾਂਸਾਗਰ ਵਿੱਚ ਉਚ ਏਅਰਲੋਡ ਰਹਿੰਦਾ ਹੈ। ਹਵਾਵਾਂ ਆਸਟ੍ਰੇਲੀਆ ਕੋਲੋਂ ਚਲਣਾ ਸ਼ੁਰੂ ਹੁੰਦੀਆਂ ਹਨ ਅਤੇ ਕੋਰਿਆਲਿਸ ਬਲ ਦੇ ਪ੍ਰਭਾਵ ਨਾਲ ਭੂਮਧਰੇਖਾ ਨੂੰ ਪਾਰ ਕਰਦੇ ਸਮੇਂ ਆਪਣੀ ਦਿਸ਼ਾ ਵਿੱਚ ਸੱਜੇ ਮੁੜ ਕੇ ਪ੍ਰਵਾਹਿਤ ਹੁੰਦੀਆਂ ਹਨ।

ਇਹ ਮਾਨਸੂਨ ਹਵਾਵਾਂ ਸਾਡੇ ਦੇਸ਼ ਦੇ ਦੱਖਣੀ ਹਿੱਸੇ ਦੀ ਬਨਾਵਟ ਵਿੱਚ ਵੰਡ ਕੇ ਪੂਰਬੀ ਅਤੇ ਪੱਛਮੀ ਹਿੱਸਿਆਂ ਤੋਂ ਭਾਰਤ ਵਿੱਚ ਪ੍ਰਵੇਸ਼ ਕਰਕੇ ਵਰਖਾ ਕਰਦੀਆਂ ਹਨ। ਇਹਨਾਂ ਦੋ ਬ੍ਰਾਂਚਾਂ ਵਿੱਚ ਬੰਗਾਲ ਦੀ ਖਾੜੀ ਦੀ ਬ੍ਰਾਂਚ ਅਤੇ ਅਰਬ ਸਾਗਰ ਦੀ ਬ੍ਰਾਂਚ ਸ਼ਾਮਿਲ ਹੈ।

ਵਰਤਮਾਨ ਵਿੱਚ ਮਾਨਸੂਨ ਦੀਆਂ ਫੁਟਕਲ ਯਾਤਰਾਵਾਂ ਤੇ 17ਵੀਂ ਸਦੀ ਵਿੱਚ ਫ੍ਰੈਂਚ ਯਾਤਰੀ ਸਰ 'ਬੋਰਨੀਯਰ ਟੇਮ' ਨੇ ਬੱਦਲਾਂ ਦੀਆਂ ਰਹੱਸਮਈ ਗਤੀਵਿਧੀਆਂ ਦਾ ਬਾਰੀਕੀ ਨਾਲ ਅਧਿਐਨ ਕੀਤਾ । ਬੋਰਨੀਯਰ ਦੇ ਅਨੁਸਾਰ ਮਾਨਸੂਨ ਵਿਭਿੰਨ ਦਿਸ਼ਾਵਾਂ ਵਿੱਚ ਆਉਂਦੇ ਹਨ ਅਤੇ ਉਹਨਾਂ ਦੀ ਇਕਾਗਰਤਾ ਉਹਨਾਂ ਦੀ ਦਿਸ਼ਾ ਤੇ ਨਿਰਭਰ ਕਰਦੀ ਹੈ। ਮਾਨਸੂਨ ਰਾਹ ਵਿੱਚ ਵੱਡੇ-ਵੱਡੇ ਪਹਾੜਾਂ ਦੇ ਰੋਕ ਲੈਣ ਨਾਲ ਰਾਹ ਬਦਲ ਲੈਂਦੇ ਹਨ ਅਤੇ ਜ਼ਿਆਦਾ ਖੁੱਲੇ ਵਾਤਾਵਰਣ ਵਾਲੇ ਖੇਤਰ ਵਿੱਚ ਪ੍ਰਵੇਸ਼ ਕਰਕੇ ਵਰਸਣ ਲੱਗਦੇ ਹਨ।

ਵਰਖਾ ਵਿੱਚ ਕਈ ਵਾਰ ਮਤਵਾਲੇ ਬੱਦਲਾਂ ਨੂੰ ਨਿਹਾਰਨ ਨਾਲ ਇੰਝ ਪ੍ਰਤੀਤ ਹੁੰਦਾ ਹੈ ਕਿ ਉਹਨਾਂ ਵਿਚੋਂ ਬਰਫ ਜਾਂ ਪਾਣੀ ਦੀ ਵਰਖਾ ਹੋ ਰਹੀ ਹੈ, ਲੇਕਿਨ ਉਹਨਾਂ ਦੀ ਵਰਖਾ ਦਾ ਅਹਿਸਾਸ ਜ਼ਮੀਨ ਤਕ ਨਹੀਂ ਹੁੰਦਾ ਅਜਿਹਾ ਇਸ ਲਈ ਹੁੰਦਾ ਹੈ ਕਿ ਵਿਚਕਾਰ ਦੀ ਗਰਮ ਹਵਾ ਦੇ ਕਾਰਣ ਪਾਣੀ ਵਾਸ਼ਪ ਬਣ ਜਾਂਦਾ ਹੈ ਜਾਂ ਜ਼ਮੀਨ ਤਕ ਪਹੁੰਚਦੇ-ਪਹੁੰਚਦੇ ਪਾਣੀ ਦੀਆਂ ਬੂੰਦਾਂ ਛੋਟੀਆਂ ਹੋਣ ਨਾਲ ਹਵਾ ਵਿੱਚ ਮਿਲ ਜਾਂਦੀਆਂ ਹਨ। ■



❑ ਡਾ: ਵਿਨੋਦ ਗੁਪਤਾ


# ਕੀੜੀਆਂ ਤੋਂ ਵੀ ਸਿਖ ਸਕਦਾ ਹੈ ਇਨਸਾਨ

ਕੀੜੀ ਦੁਨੀਆਂ ਦਾ ਸਭ ਤੋਂ ਛੋਟਾ ਜੀਵ ਹੈ ਲੇਕਿਨ ਇਸ ਵਿੱਚ ਅਜਿਹੇ ਅਨੇਕ ਗੁਣ, ਵਿਸ਼ੇਸ਼ਤਾਵਾਂ ਜਾਂ ਵਿਲੱਖਣਤਾਵਾਂ ਹਨ, ਜਿਸ ਤੋਂ ਇਨਸਾਨ ਬਹੁਤ ਕੁਝ ਸਿਖ ਸਕਦਾ ਹੈ। ਕਈ ਮਾਇਨਿਆ ਵਿੱਚ ਕੀੜੀਆਂ ਇਨਸਾਨ ਦੀਆਂ ਗੁਰੂ ਹਨ। ਛੋਟੀ ਜਿਹੀ ਕੀੜੀ ਅਨੁਮਾਨ ਤੋਂ ਕਿਤੇ ਜ਼ਿਆਦਾ ਚਾਲਾਕ ਹੁੰਦੀ ਹੈ। ਆਪਣਾ ਬੇਹੱਦ ਕਾਰਗਰ ਟਰਾਂਸਪੋਰਟ ਨੇਟਵਰਕ ਬਣਾਉਣ ਲਈ ਕੀੜੀਆਂ ਬਹੁਤ ਘੱਟ ਸਮੇਂ ਵਿੱਚ ਬਹੁਤ ਸਾਰੀਆਂ ਥਾਵਾਂ ਨੂੰ ਜੋੜ ਲੈਂਦੀਆਂ ਹਨ ਅਤੇ ਅਜਿਹਾ ਕਰਨ ਲਈ ਉਹਨਾਂ ਨੂੰ ਕਿਸੇ ਵੀ ਨੇਤਾ ਦੀ ਲੋੜ ਨਹੀਂ ਹੁੰਦੀ।

ਕੀੜੀਆਂ ਆਕਾਰ ਵਿੱਚ ਭਲੇ ਹੀ ਛੋਟੀਆਂ ਹੁੰਦੀਆਂ ਹੋਣ, ਲੇਕਿਨ ਬਲ, ਬੁੱਧੀ ਅਤੇ ਯੁਧਕੌਸ਼ਲ ਵਿੱਚ ਉਹ ਵੱਡੇ ਤੋਂ ਵੱਡੇ ਜੀਵ ਨੂੰ ਮਾਤ ਦੇ ਸਕਦੀਆਂ ਹਨ। ਬ੍ਰਿਟੇਨ ਦੇ ਵਿਗਿਆਨਕਾਂ ਨੇ ਕੀੜੀਆਂ ਦੀ ਯੁੱਧਕਲਾ ਨੂੰ ਲੈ ਕੇ ਉਹਨਾਂ ਦਾ ਅਧਿਐਨ ਕੀਤਾ। ਉਹਨਾਂ ਨੇ ਵੇਖਿਆ ਕਿ ਕੀੜੀਆਂ ਆਪਣੇ ਤੋਂ ਕਈ ਗੁਣਾ ਤਾਕਤਵਰ ਦੁਸ਼ਮਣ ਤੇ ਕਿਵੇਂ ਕਾਬੂ ਪਾਉਂਦੀਆਂ ਹਨ। ਜਿਥੇ ਅਸੀਂ ਆਪਣੇ ਤੋਂ ਤਾਕਤਵਰ ਦੁਸ਼ਮਣ ਨੂੰ ਵੇਖ ਕੇ ਡਰ ਜਾਂਦੇ ਹਾਂ, ਉਥੇ ਕੀੜੀਆਂ ਇੱਕਠੀਆਂ ਹੋ ਕੇ ਉਸਦਾ ਮੁਕਾਬਲਾ ਕਰਦੀਆਂ ਹਨ ਅਤੇ ਉਹਨੂੰ ਹਰਾ ਦਿੰਦੀਆਂ ਹਨ।

ਕੀੜੀਆਂ ਐਨੀਆਂ ਲਗਨਸ਼ੀਲ ਅਤੇ ਮਿਹਨਤੀ ਹੁੰਦੀਆਂ ਹਨ ਕਿ ਉਹ ਕਦੇ ਹਿੰਮਤ ਨਹੀਂ ਹਾਰਦੀਆਂ। ਉਚਾਈ ਤੇ ਚੜਦੇ ਸਮੇਂ ਉਹ ਅਨੇਕ ਵਾਰ ਡਿਗਦੀਆਂ ਹਨ ਲੇਕਿਨ ਹਰ ਵਾਰ ਉਠ ਕੇ ਫਿਰ ਚੜਨ ਦਾ ਯਤਨ ਕਰਦੀਆਂ ਹਨ ਅਤੇ ਅਖੀਰ ਵਿੱਚ ਆਪਣਾ ਮਕਸਦ ਹਾਸਿਲ ਕਰਕੇ ਹੀ ਦਮ ਲੈਂਦੀਆਂ ਹਨ।

ਕੀੜੀਆਂ ਹਰ ਹਾਲ ਵਿੱਚ ਆਪਣਾ ਮੰਤਵ ਸਿੱਧ ਕਰਦੀਆਂ ਹਨ। ਇਹ ਮੰਤਵ ਤਕ ਪਹੁੰਚਣ ਅਤੇ ਵਾਪਸ ਖੁੱਡ ਤਕ ਆਉਣ ਵਿੱਚ ਬੜੇ ਅਨੁਸਾਸ਼ਨ ਦਾ ਪ੍ਰਦਰਸ਼ਨ ਕਰਦੀਆਂ ਹਨ। ਲੋੜ



ਪੈਣ ਤੇ ਉਹ ਰਾਹ ਵਿੱਚ ਮੂੰਹ ਨਾਲ ਮੂੰਹ ਮਿਲਾ ਕੇ ਇਕ-ਦੂਸਰੇ ਨਾਲ ਗੱਲਬਾਤ ਵੀ ਕਰਦੀਆਂ ਹਨ।

ਕੀੜੀਆਂ ਦੇ ਰਾਹ ਵਿੱਚ ਜਦ ਕੋਈ ਵਿਘਨ ਪਾਇਆ ਜਾਂਦਾ ਹੈ ਤਾਂ ਉਹ ਪਿਛੇ ਮੁੜਨ ਦੀ ਬਜਾਏ ਆਪਣੀ ਦਿਸ਼ਾ ਵਿੱਚ ਨਵਾਂ ਅਤੇ ਸਭ ਤੋਂ ਛੋਟਾ ਰਾਹ ਲੱਭਣ ਵਿੱਚ ਜੁਟ ਜਾਂਦੀਆਂ ਹਨ।

ਇਕ ਕੀੜੀ ਇਕ ਪੱਤੀ ਨੂੰ ਕੱਟ ਕੇ ਉਹਨੂੰ ਢੋਂਹਦੀ ਹੈ ਅਤੇ ਉਸਦਾ ਵਜਨ ਉਸਦੇ ਸਰੀਰ ਦੇ ਭਾਰ ਤੋਂ ਪੰਜਾਹ ਗੁਣਾਂ ਜ਼ਿਆਦਾ ਹੁੰਦਾ ਹੈ। ਕੀੜੀਆਂ ਇਕ ਲਾਇਨ ਬਣਾ ਕੇ ਮਿਹਨਤ ਨਾਲ ਤੋੜ ਕੇ ਲਿਆਦੀਆਂ ਪੱਤੀਆਂ ਢੋਹ ਕੇ ਆਪਣੇ ਘਰ ਲੈ ਕੇ ਜਾਂਦੀਆਂ ਹਨ ਜਿਥੇ ਕੀੜੀਆਂ ਇਹਨਾਂ ਪੱਤੀਆਂ ਨੂੰ ਜ਼ਮੀਨ ਤੇ ਵਿਛਾਉਂਦੀਆਂ ਹਨ ਤਾਂਕਿ ਇਸ ਤੇ ਫੰਗਲ ਉਗ ਜਾਏ। ਇਹ ਫੰਗਲ ਹੈ ਜੋ ਉਹਨਾਂ ਦੇ ਲਈ ਭੋਜਨ ਪੈਦਾ ਕਰਦਾ ਹੈ।

ਕੀੜੀਆਂ ਬੁੱਢੀਆਂ ਹੋਣ ਤਕ ਵੀ ਕੰਮ ਕਰਦੀਆਂ ਰਹਿੰਦੀਆਂ ਹਨ। ਜਦ ਪੱਤੀਆਂ ਖਾਣ ਵਾਲੀਆਂ ਕੀੜੀਆਂ ਦੇ ਦੰਦ ਘਿਸ ਜਾਂਦੇ ਹਨ ਤਾਂ ਪਤਾ ਹੈ ਉਹ ਕੀ ਕਰਦੀਆਂ ਹਨ? ਬੁੱਢੀਆਂ ਕੀੜੀਆਂ ਪੱਤੀਆਂ ਕੱਟਣ ਦੀ ਬਜਾਏ ਉਹਨਾਂ ਨੂੰ ਢੋਹਣ ਦਾ ਕੰਮ ਕਰਨ ਲੱਗਦੀਆਂ ਹਨ।

ਬੁੱਢੀਆਂ ਕੀੜੀਆਂ ਲਈ ਪੱਤੀ ਕੱਟਣਾ ਅਤੇ ਉਸ ਤੇ ਪਕੜ ਬਣਾਉਣਾ ਮੁਸ਼ਕਿਲ ਹੋ ਜਾਂਦਾ ਹੈ। ਜਿਨ੍ਹਾਂ ਦੇ ਜਬੜੇ ਘਿਸ ਜਾਂਦੇ ਹਨ ਉਹ ਆਪਣਾ ਕੰਮ ਪੂਰੀ ਤਰ੍ਹਾਂ ਨਾਲ ਬਦਲ ਦਿੰਦੀਆਂ ਹਨ। ਕੱਟਣ ਦਾ ਕੰਮ ਨੌਜਵਾਨ ਕੀੜੀਆਂ ਤੇ ਛੱਡ ਦੇਂਦੀਆਂ ਹਨ ਅਤੇ ਖੁਦ ਮਾਲ ਢੋਣ ਦਾ ਕੰਮ ਲੈ ਲੈਂਦੀਆਂ ਹਨ। ਕੀੜੀਆਂ ਦੇ ਸਮਾਜ ਵਿੱਚ ਹਰ ਕੀੜੀ ਆਪਣੇ ਮਨ-ਮੁਤਾਬਿਕ ਕੰਮ ਕਰ ਸਕਦੀ ਹੈ। ਇਸ ਤਰ੍ਹਾਂ ਉਹ ਆਪਣੇ ਬੁਢਾਪੇ ਵਿੱਚ ਵੀ ਆਪਣੀ ਉਪਯੋਗਿਤਾ ਬਣਾਈ ਰੱਖ ਸਕਦੀ ਹੈ।

ਅਨੁਸਾਸ਼ਨ ਕੋਈ ਕੀੜੀਆਂ ਤੋਂ ਸਿਖੇ। ਇਹਨਾਂ ਨੂੰ ਭੋਜਨ ਦੀ ਗੰਧ ਕਾਫੀ ਦੂਰ ਤੋਂ ਪਤਾ ਚਲ ਜਾਂਦੀ ਹੈ। ਇਹ ਉਸ ਤਕ ਪਹੁੰਚਣ ਅਤੇ ਉਹਨੂੰ ਲੈ ਕੇ ਆਪਣੀਆਂ ਖੁੱਡਾਂ ਤਕ ਵਾਪਸ ਪਹੁੰਚਣ ਵਿੱਚ ਬੜੇ ਅਨੁਸਾਸ਼ਨ ਦਾ ਸਾਹਸ ਵਿਖਾਉਂਦੀਆਂ ਹਨ। ਇਹ ਸਦਾ ਲਾਇਨ ਵਿੱਚ ਚਲਦੀਆਂ ਹਨ।

ਕੀੜੀਆਂ ਸਮਾਜਿਕ ਹੁੰਦੀਆਂ ਹਨ ਅਤੇ ਉਹ ਛੋਟੀਆਂ-ਛੋਟੀਆਂ ਬਸਤੀਆਂ ਬਣਾ ਕੇ ਰਹਿੰਦੀਆਂ ਹਨ। ਕੀੜੀਆਂ ਦੇ ਸਮਾਜ ਵਿੱਚ ਵੀ ਰਾਜਾ-ਰਾਣੀ ਹੁੰਦੇ ਹਨ। ਇਸ ਦੇ ਇਲਾਵਾ ਕੰਮ ਕਰਨ ਲਈ ਸੇਵਕ ਕੀੜੀਆਂ ਵੀ ਹੁੰਦੀਆਂ ਹਨ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਹਰ ਬਸਤੀ ਦੀ ਆਪਣੀ ਸੈਨਾ ਹੁੰਦੀ ਹੈ।

ਕੀੜੀਆਂ ਆਪਣਾ ਰਾਹ ਨਹੀਂ ਭੁੱਲਦੀਆਂ। ਜਿਸ ਰਾਹ ਤੋਂ ਉਹ ਜਾਂਦੀਆਂ ਹਨ, ਉਸੇ ਤੇ ਵਾਪਸ ਆਉਂਦੀਆਂ ਹਨ। ਦਰਅਸਲ, ਉਹ ਜਾਂਦੇ ਸਮੇਂ ਰਾਹ ਤੇ ਫੀਰੋਮੋਨ ਛੱਡਦੀਆਂ ਜਾਂਦੀਆਂ ਹਨ ਜੋ ਉਹਨਾਂ ਨੂੰ ਵਾਪਸ ਆਉਣ ਵਿੱਚ ਮਦਦ ਕਰਦਾ ਹੈ। ਸਮੂਹ ਦੀਆਂ ਕੀੜੀਆਂ ਵੀ ਇਸ ਤਰ੍ਹਾਂ ਹੀ ਕਰਦੀਆਂ ਹਨ ਅਤੇ ਭੋਜਨ ਨੂੰ ਆਪਣੀਆਂ ਖੁੱਡਾਂ ਵਿੱਚ ਲੈ ਜਾਂਦੀਆਂ ਹਨ।

# ਕਦੇ ਨਾ ਭੁੱਲੋ

* ਭਗਤ ਇਕ ਖਿੜੇ ਹੋਏ ਫੁੱਲ ਵਾਂਗ ਹੁੰਦਾ ਹੈ ਅਤੇ ਭਗਤੀ ਉਸ ਦੀ ਮਹਿਕ।
* ਹਨੇਰੇ ਅਤੇ ਚਾਨਣ ਵਾਂਗ ਹੰਕਾਰ ਅਤੇ ਗਿਆਨ ਇਕੱਠੇ ਨਹੀਂ ਰਹਿ ਸਕਦੇ।

– ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ

* ਜੋ ਕਾਰਜ ਜਿੰਨੀ ਨੇਕਨੀਯਤ ਨਾਲ ਕੀਤਾ ਜਾਇਗਾ, ਓਨਾ ਹੀ ਸ੍ਰੇਸ਼ਠ ਹੋਵੇਗਾ।

– ਮਹਾਤਮਾ ਬੁੱਧ

* ਜੁਬਾਨ ਦੀ ਬਜਾਏ ਜੀਵਨ ਰਾਹੀਂ ਉਪਦੇਸ਼ ਦੇਣਾ ਕਿਤੇ ਵਧੇਰੇ ਪ੍ਰਭਾਵਸ਼ਾਲੀ ਹੈ।

– ਸਵਾਮੀ ਦਯਾਨੰਦ ਸਰਸਵਤੀ

* ਇਕ ਮਿੰਟ ਦੇਰ ਨਾਲ ਪਹੁੰਚਣ ਦੀ ਬਜਾਏ ਇਕ ਘੰਟਾ ਪਹਿਲਾਂ ਪਹੁੰਚਣਾ ਚੰਗਾ ਹੈ।

– ਸ਼ੇਕਸਪੀਯਰ

* ਜੋ ਕੁਝ ਤੁਸੀਂ ਅੱਜ ਕਰ ਸਕਦੇ ਹੋ, ਉਸ ਨੂੰ ਕਲ੍ਹ ਦੇ ਭਰੋਸੇ ਤੇ ਕਦੇ ਨਾ ਛੱਡੋ।

– ਫ੍ਰੈਂਕਲਿਨ

* ਬੁਰੀ ਸੋਹਬਤ ਨਾਲੋਂ ਉਸ ਦਾ ਨਾ ਹੋਣਾ ਹੀ ਚੰਗਾ ਹੈ, ਕਿਉਂਕਿ ਅਸੀਂ ਦੂਸਰਿਆਂ ਦੇ ਗੁਣਾਂ ਦੀ ਬਜਾਏ ਦੋਸ਼ਾਂ ਨੂੰ ਜਲਦੀ ਗ੍ਰਹਿਣ ਕਰ ਲੈਂਦੇ ਹਾਂ।

– ਸਵਾਮੀ ਵਿਵੇਕਾਨੰਦ

* ਮੱਧੂਮੱਖੀਆਂ ਦੀ ਤਰ੍ਹਾਂ ਗੁਲਾਬ ਦਾ ਰਸ ਲੈ ਲਉ ਅਤੇ ਕੰਡੇ ਛੱਡ ਦਿਉ।
* ਸੱਚ ਦਾ ਪ੍ਰਭਾਵ ਖੁਦ ਪ੍ਰਗਟ ਹੋ ਕੇ ਰਹਿੰਦਾ ਹੈ। ਸਤਿ ਵਿੱਚ ਅਸੀਮਤ ਬਲ ਅਤੇ ਤੇਜ਼ ਹੁੰਦਾ ਹੈ।

– ਰਵਿੰਦਰਨਾਥ ਟੈਗੋਰ

* ਗਿਆਨੀ ਮਨੁੱਖ ਦੀ ਦ੍ਰਿਸ਼ਟੀ ਦੂਸਰਿਆਂ ਦੀਆਂ ਚੰਗਿਆਈਆਂ ਤੇ ਪੈਂਦੀ ਹੈ ਜਦਕਿ ਮੂਰਖ ਲੋਕ ਦੂਸਰਿਆਂ ਦੇ ਅਵਗੁਣ ਟਟੋਲਦੇ ਹਨ।

– ਵਿਨੋਬਾ ਭਾਵੇ

* ਉਸ ਦਿਨ ਨੂੰ ਬੇਕਾਰ ਹੀ ਸਮਝੋ, ਜਿਸ ਦਿਨ ਤੁਸੀਂ ਹੱਸੇ ਨਹੀਂ।

– ਚੇਮਸਫੋਰਡ

* ਸਾਨੂੰ ਗੱਲਬਾਤ ਕਰਦੇ ਸਮੇਂ ਘੱਟ ਤੋਂ ਘੱਟ ਬੋਲਣਾ ਚਾਹੀਦਾ ਹੈ। ਦੂਸਰਿਆਂ ਦੀ ਜ਼ਿਆਦਾ ਸੁਣਨੀ ਚਾਹੀਦੀ ਹੈ।

– ਲਾਂਗਫੇਲੋ

❑ ਸੰਗ੍ਰਹਿਕਰਤਾ : ਡਿੰਪਲਜੀਤ (ਦਿੱਲੀ)



❑ ਅਮਨਪ੍ਰੀਤ

# ਮੂਰਖ ਗਧਾ

ਇੱਕ ਜੰਗਲ ਵਿੱਚ ਇਕ ਖਤਰਨਾਕ ਸ਼ੇਰ ਰਹਿੰਦਾ ਸੀ। ਉਹ ਕਿਸੇ ਤੋਂ ਡਰਦਾ ਨਹੀਂ ਸੀ। ਜਿਸ ਕਾਰਨ ਉਸ ਨੇ ਕਾਫ਼ੀ ਅੱਤ ਚੁੱਕੀ ਹੋਈ ਸੀ। ਉਹ ਹਰ ਜਾਨਵਰ ਨੂੰ ਮਾਰ ਦਿੰਦਾ ਸੀ। ਉਸਦਾ ਇੱਕ ਮਦਦਗਾਰ ਗਿੱਦੜ ਸੀ। ਜਿਸ ਨੂੰ ਸ਼ੇਰ ਕੁਝ ਕੁ ਆਪਣੇ ਸ਼ਿਕਾਰ ਦਾ ਹਿੱਸਾ ਖਾਣ ਲਈ ਦੇ ਦਿੰਦਾ ਸੀ। ਸ਼ੇਰ ਹਰ ਰੋਜ ਨਵਾਂ ਸ਼ਿਕਾਰ ਭਾਲਦਾ ਸੀ। ਇੱਕ ਦਿੱਨ ਸ਼ੇਰ ਦੇ ਰਸਤੇ ਵਿੱਚ ਇੱਕ ਵੱਡਾ ਹਾਥੀ ਆ ਗਿਆ। ਉਸ ਨੂੰ ਆਪਣੇ ਆਪ ਤੇ ਬੜਾ ਮਾਣ ਸੀ ਕਿ ਮੈਂ ਸਭ ਨੂੰ ਮਾਰ ਸਕਦਾ ਹਾਂ। ਉਸਨੇ ਬਿਨ੍ਹਾਂ ਕੁਝ ਸੋਚੇ ਸਮਝੇ ਹਾਥੀ ਤੇ ਹਮਲਾ ਕਰ ਦਿੱਤਾ। ਹਾਥੀ ਕਾਫ਼ੀ ਤਾਕਤਵਰ ਸੀ। ਹਾਥੀ ਨੂੰ ਸ਼ੇਰ ਤੇ ਬੜਾ ਗੁੱਸਾ ਚੜ੍ਹਿਆ। ਉਸਨੇ ਸ਼ੇਰ ਨੂੰ ਆਪਣੀ ਸੁੰਡ ਨਾਲ ਫੜ ਲਿਆ ਅਤੇ ਉਸ ਨੂੰ ਚੁੱਕ ਕੇ ਜ਼ੋਰ-ਜ਼ੋਰ ਨਾਲ ਜਮੀਨ ਤੇ ਪਟਕਣ ਲਗਾ। ਹਾਥੀ ਸ਼ੇਰ ਨੂੰ ਚੁੱਕ ਕੇ ਕਾਫ਼ੀ ਦੇਰ ਇੱਧਰ-ਉੱਧਰ ਸੁੱਟਦਾ ਰਿਹਾ ਜਿਸ ਨਾਲ ਸ਼ੇਰ ਦੀਆਂ ਹੱਡੀਆਂ ਦਾ ਕਚੂੰਬਰ ਬਣ ਗਿਆ। ਸ਼ੇਰ ਮਸਾਂ ਹੀ ਹੱਥ ਜੋੜ ਕੇ ਹਾਥੀ ਤੋਂ ਆਪਣੇ ਆਪ ਨੂੰ ਬਚਾ ਸਕਿਆ। ਇਸ ਯੁੱਧ ਵਿੱਚ ਸ਼ੇਰ ਨੂੰ ਬਹੁਤ ਸੱਟਾਂ ਲੱਗੀਆ ਅਤੇ ਕਈ ਹੱਡੀਆਂ ਵੀ ਟੁੱਟ ਗਈਆਂ। ਸ਼ੇਰ ਚਿੱਲਾ ਰਿਹਾ ਸੀ। ਉਹ ਬਿਲਕੁਲ ਤੁਰ ਨਹੀਂ ਪਾ ਰਿਹਾ ਸੀ। ਉਹ ਲੰਬੇ ਸਮੇਂ ਲਈ ਬੈਠ ਗਿਆ ਸੀ।

ਕੁਝ ਸਮੇਂ ਬਾਅਦ ਸ਼ੇਰ ਦਾ ਮਦਦਗਾਰ ਗਿੱਦੜ ਵੀ ਆ ਪਹੁੰਚਿਆ। ਉਹ ਸ਼ੇਰ ਦੀ ਹਾਲਤ ਦੇਖ ਕੇ ਬਹੁਤ ਦੁੱਖੀ ਹੋਇਆ ਕਿਉਂਕਿ ਉਸਦੇ ਭੋਜਨ ਦਾ ਅੱਗਾ ਜੋ ਮਰ ਗਿਆ ਸੀ। ਸ਼ੇਰ ਨੇ ਗਿੱਦੜ ਨੂੰ ਉਸਦੀ ਮਦਦ ਕਰਨ ਲਈ ਕਿਹਾ। ਗਿੱਦੜ ਨੇ ਜੰਗਲ ਵਿੱਚੋਂ ਕੁਝ ਜੜ੍ਹੀ-ਬੂਟੀਆਂ ਲਿਆ ਕੇ ਸ਼ੇਰ ਦੇ ਲਗਾਈਆਂ ਜਿਸ



ਨਾਲ ਸ਼ੇਰ ਨੂੰ ਬਹੁਤ ਆਰਾਮ ਮਿਲਿਆ। ਸ਼ੇਰ ਦੇ ਜਖਮ ਤਾਂ ਇੱਕ-ਦੋ ਦਿਨ ਵਿੱਚ ਠੀਕ ਹੋ ਗਏ ਪਰ ਉਸ ਦੀਆਂ ਹੱਡੀਆਂ ਜੋ ਟੁੱਟੀਆਂ ਸਨ ਉਹਨਾਂ ਨੂੰ ਟਾਈਮ ਕਾਫ਼ੀ ਚਾਹੀਦਾ ਸੀ। ਇਸ ਲਈ ਸ਼ੇਰ ਨੂੰ ਆਪਣੀ ਭੁੱਖ ਦਾ ਫਿਕਰ ਪੈ ਗਿਆ ਕਿ ਜੇਕਰ ਮੈਨੂੰ ਭੋਜਨ ਨਾ ਮਿਲਿਆ ਤਾਂ ਮੈਂ ਭੁੱਖ ਨਾਲ ਹੀ ਮਰ ਜਾਵਾਂਗਾ। ਉਸਨੂੰ ਕਾਫ਼ੀ ਭੁੱਲ ਲੱਗੀ ਹੋਈ ਸੀ। ਸ਼ੇਰ ਨੇ ਗਿੱਦੜ ਨੂੰ ਕਿਹਾ ਕਿ ਮੈਂ ਸ਼ਿਕਾਰ ਤਾਂ ਨਹੀਂ ਕਰ ਸਕਦਾ ਪਰ ਜੇਕਰ ਤੂੰ ਕੋਈ ਜਾਨਵਰ ਮੇਰੇ ਕੋਲ ਲੈ ਆਵੇਂ ਤਾਂ ਮੈਂ ਉਸ ਤੇ ਹਮਲਾ ਜ਼ਰੂਰ ਕਰ ਸਕਦਾ ਹਾਂ। ਨਹੀਂ ਤਾਂ ਅਸੀਂ ਭੁੱਖ ਨਾਲ ਮਰ ਜਾਵਾਂਗੇ। ਗਿੱਦੜ ਨੇ ਕਿਹਾ - ਠੀਕ ਹੈ, ਮੈਂ ਕਿਸੇ ਜਾਨਵਰ ਨੂੰ ਤੁਹਾਡੇ ਕੋਲ ਲੈ ਕੇ ਆਉਣ ਦਾ ਬੰਦੋਬਸਤ ਕਰਦਾ ਹਾਂ। ਗਿੱਦੜ ਵੀ ਭੁੱਖ ਨਾਲ ਬੇਹਾਲ ਸੀ ਇਸ ਲਈ ਉਹ ਪਿੰਡ ਵੱਲ ਕਿਸੇ ਦੀ ਤਲਾਸ਼ ਲਈ ਚੱਲ ਪਿਆ। ਜਦੋਂ ਗਿੱਦੜ ਪਿੰਡ ਵਿੱਚ ਪਹੁੰਚਿਆ ਤਾਂ ਉਸਨੇ ਇੱਕ ਗਧਾ ਦੇਖਿਆ ਜੋ ਸੁੱਕੀ ਘਾਹ ਖਾ ਰਿਹਾ ਸੀ। ਗਿੱਦੜ ਨੇ ਬੜੇ ਪਿਆਰ ਨਾਲ ਜਾ ਕੇ ਗਧੇ ਨੂੰ ਕਿਹਾ - ਗਧੇ ਭਰਾ, ਤੂੰ ਇਹ ਸੁੱਕੀ ਘਾਹ ਖਾ ਰਿਹਾ ਹੈ। ਗਿੱਦੜ ਬਹੁਤ ਚਲਾਕ ਸੀ। ਉਸਨੇ ਅੱਗੇ ਕਿਹਾ ਕਿ ਇਸ ਸੁੱਕੀ ਘਾਹ ਨਾਲ ਤੇਰਾ ਸ਼ਰੀਰ ਬਹੁਤ ਕਮਜ਼ੋਰ ਹੋ ਗਿਆ ਹੈ। ਗਧੇ ਨੇ ਪਹਿਲੀ ਵਾਰ ਕਿਸੇ ਤੋਂ ਆਪਣੇ ਲਈ ਐਨੇ ਮਿੱਠੇ ਬੋਲ ਸੁਣੇ ਸਨ। ਗਧਾ ਬੋਲਿਆ ਕਿ ਗਿੱਦੜ ਭਰਾ, ਮੇਰਾ ਮਾਲਿਕ ਮੈਥੋਂ ਕਾਫ਼ੀ ਕੰਮ ਕਰਵਾਉਂਦਾ ਤੇ ਕੰਮ ਦੇ ਬਦਲੇ ਇਹ ਸੁੱਕੀ ਘਾਹ ਖਵਾਉਂਦਾ ਹੈ ਅਤੇ ਮੈਨੂੰ ਮਾਰਦਾ ਕੁੱਟਦਾ ਵੀ ਹੈ।

ਗਿੱਦੜ ਫਿਰ ਕਹਿਣ ਲੱਗਾ - ਗਧੇ ਭਰਾ ਤੂੰ ਕਿਉਂ ਇੰਨਾ ਨਰਕ ਭੋਗ ਰਿਹਾ ਹੈ। ਮੈਨੂੰ ਜੰਗਲ ਦੇ ਰਾਜਾ ਸ਼ੇਰ ਨੇ ਭੇਜਿਆ ਹੈ। ਉਸਨੇ ਕਿਹਾ ਹੈ ਕਿ ਜੋ ਵੀ ਜਾਨਵਰ ਇਨਸਾਨ ਦੇ ਗੁਲਾਮ ਹਨ ਉਹਨਾਂ ਨੂੰ ਜੰਗਲ ਵਿੱਚ ਲਿਆਂਦਾ ਜਾਵੇ। ਉਹ ਵੀ ਜੰਗਲ ਵਿੱਚ ਆਪਣੀ ਅਜ਼ਾਦੀ ਦੀ ਜ਼ਿੰਦਗੀ ਮਾਨਣ, ਜੰਗਲ ਵਿੱਚ ਹਰੀ-ਹਰੀ ਘਾਹ ਦੀ ਵੀ ਕੋਈ ਘਾਟ ਨਹੀਂ ਹੈ। ਗਧਾ ਕਹਿਣ ਲੱਗਿਆ ਕਿ ਉਥੇ ਸ਼ਿਕਾਰੀ ਬਹੁਤ ਹਨ। ਮੈਨੂੰ ਜੰਗਲ ਤੋਂ ਡਰ ਲੱਗਦਾ ਹੈ। ਤਾਂ ਗਿੱਦੜ ਫਿਰ ਬੋਲਿਆ ਕਿ ਤੈਨੂੰ ਡਰਨ ਦੀ ਲੋੜ ਨਹੀਂ। ਤੂੰ ਮੈਨੂੰ ਸਭ ਤੋਂ ਪਹਿਲਾ ਮਿਲਿਆ ਹੈ ਇਸ ਲਈ ਮੈਂ ਸ਼ੇਰ ਪਾਸੋਂ ਤੈਨੂੰ ਮੰਤਰੀ ਦਾ ਅਹੁਦਾ ਦਿਵਾ ਦੇਵਾਂਗਾ। ਫਿਰ



ਤੂੰ ਸ਼ੇਰ ਕੋਲ ਹੀ ਸਦਾ ਰਹੇਂਗਾ ਤੇ ਤੈਨੂੰ ਫਿਰ ਕਿਸੀ ਦਾ ਡਰ ਨਹੀਂ ਹੋਵੇਗਾ।

ਮੂਰਖ ਗਧਾ, ਗਿੱਦੜ ਨਾਲ ਜੰਗਲ ਵੱਲ ਚੱਲ ਪਿਆ। ਜਦੋਂ ਗਧਾ ਸ਼ੇਰ ਕੋਲ ਪਹੁੰਚਿਆ ਤਾਂ ਉਸਦੇ ਮੂੰਹ ਵਿੱਚ ਪਾਣੀ ਆ ਗਿਆ। ਸ਼ੇਰ ਨੇ ਭੁੱਖ ਕਾਰਨ ਗਧੇ ਤੇ ਆਉਂਦੇ ਸਾਰ ਹੀ ਹਮਲਾ ਕਰ ਦਿੱਤਾ ਜਿਸ ਕਾਰਨ ਗਧਾ ਡਰ ਗਿਆ ਅਤੇ ਉਥੋਂ ਭੱਜ ਨਿਕਲਿਆ। ਗਿੱਦੜ ਸ਼ੇਰ ਨੂੰ ਕੋਸਣ ਲੱਗਾ ਕਿ ਮੈਂ ਬੜੀ ਮੁਸ਼ਕਿਲ ਨਾਲ ਸ਼ਿਕਾਰ ਲਿਆਂਦਾ ਸੀ ਤੂੰ ਥੋੜਾ ਸਬਰ ਤਾਂ ਕਰ ਲੈਂਦਾ। ਸ਼ਿਕਾਰ ਹੱਥੋਂ ਨਿਕਲ ਗਿਆ।


ਸ਼ੇਰ ਕਹਿਣ ਲੱਗਾ ਕਿ ਮੈਂ ਭੁੱਖ ਕਾਰਨ ਆਪਣੇ ਆਪ ਨੂੰ ਰੋਕ ਨਹੀਂ ਸਕਿਆ। ਤੂੰ ਉਸਨੂੰ ਦੁਬਾਰਾ ਮਨਾ ਕੇ ਦੇਖ ਲੈ। ਗਿੱਦੜ ਵੀ ਫਿਰ ਜਲਦੀ ਨਾਲ ਗਧੇ ਦਾ ਪਿੱਛਾ ਕਰਨ ਲੱਗਿਆ। ਥੋੜੀ ਦੇਰ ਬਾਅਦ ਗਧਾ ਥੱਕ ਗਿਆ ਅਤੇ ਰੁੱਕ ਗਿਆ। ਗਿੱਦੜ ਵੀ ਜਲਦੀ ਨਾਲ ਪਹੁੰਚ ਗਿਆ।


ਗਿੱਦੜ ਫਿਰ ਗਧੇ ਨੂੰ ਕਹਿਣ ਲੱਗਾ ਕਿ ਭਰਾ, ਤੂੰ ਡਰ ਕਿਉਂ ਗਿਆ। ਤਾਂ ਗਧਾ ਫਿਰ ਬੋਲਿਆ ਕਿ ਸ਼ੇਰ ਨੇ ਮੇਰੇ ਤੇ ਹਮਲਾ ਕਿਉਂ ਕੀਤਾ। ਤਾਂ ਗਿੱਦੜ ਚਲਾਕੀ ਨਾਲ ਫਿਰ ਬੋਲਿਆ ਕਿ ਸ਼ੇਰ ਨੇ ਤੇਰੇ ਆਉਣ ਤੇ ਤੇਰਾ ਸੁਆਗਤ ਕੀਤਾ ਹੈ। ਉਹ ਜੰਗਲ ਦਾ ਰਾਜਾ ਹੈ। ਸ਼ੇਰ ਬਹੁਤ ਤਾਕਤਵਰ ਹੁੰਦਾ ਹੈ। ਨਹੀਂ ਤਾਂ ਤੈਨੂੰ ਉਹ ਭਲਾ ਭੱਜਣ ਦਾ ਮੌਕਾ ਦਿੰਦਾ। ਮੂਰਖ ਗਧਾ ਫਿਰ ਗਿੱਦੜ ਦੀਆਂ ਗੱਲਾਂ ਵਿੱਚ ਆ ਗਿਆ। ਗਧਾ ਫਿਰ ਗਿੱਦੜ ਨਾਲ ਸ਼ੇਰ ਵਲ ਚੱਲ ਪਿਆ। ਪਹੁੰਚਦੇ ਸਾਰ ਹੀ ਗਿੱਦੜ ਨੇ ਸ਼ੇਰ ਨੂੰ ਕਿਹਾ ਕਿ ਸ਼ੇਰ ਜੀ ਗਧਾ ਤੁਹਾਡੇ ਸੁਆਗਤ ਕਰਨ ਤੇ ਡਰ ਗਿਆ ਸੀ। ਮੈਂ ਇਹਨੂੰ ਦੁਬਾਰਾ ਤੁਹਾਡੇ ਕੋਲ ਲਿਆਇਆ ਹਾਂ। ਇਹਨੂੰ ਹੁਣ ਆਪਣਾ ਮੰਤਰੀ ਸਵੀਕਾਰ ਕਰੋ। ਗਿੱਦੜ ਨੇ ਗਧੇ ਨੂੰ ਕਿਹਾ ਕਿ ਸ਼ੇਰ ਨੂੰ ਹੱਥ ਜੋੜ ਕੇ ਕਹਿ ਕਿ ਮੈਂ ਮੰਤਰੀ ਬਣਨਾ ਚਾਹੁੰਦਾ ਹਾਂ। ਮੂਰਖ ਗਧਾ ਜਿਉਂ ਹੀ ਸ਼ੇਰ ਕੋਲ ਹੱਥ ਜੋੜ ਕੇ ਖੜਿਆ ਤਾਂ ਸ਼ੇਰ ਨੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਪਲਾਂ ਵਿੱਚ ਹੀ ਮਾਰ ਦਿੱਤਾ। ਮੂਰਖ ਗਧਾ ਆਪਣੀ ਬੇਵਕੂਫੀ ਕਾਰਨ ਮਾਰਿਆ ਗਿਆ। ਸ਼ੇਰ ਅਤੇ ਗਿੱਦੜ ਲਈ ਕਾਫ਼ੀ ਦਿਨਾਂ ਦਾ ਭੋਜਨ ਜਮਾਂ ਹੋ ਗਿਆ ਸੀ।



# ਦਾਦਾ ਜੀ

ਚਿਤੱਰਕਾਰੀ ਅਤੇ ਲੇਖਕ - ਅਜੈ ਕਾਲੜਾ




ਕਿਹੋ ਜਿਹੇ ਵਫਾਦਾਰ ਹੋ? ਚੋਰ ਅੰਦਰ ਆ ਰਿਹਾ ਹੈ, ਤੂੰ ਭੌਂਕਦਾ ਨਹੀਂ! ਮਾਲਿਕ ਨੂੰ ਜਗਾ।
ਕੁੱਤਾ ਫਿਰ ਵੀ ਭੌਂਕਣ ਲਈ ਤਿਆਰ ਨਹੀਂ ਹੋਇਆ-
ਮਸਤ ਹੋ ਕੇ ਸੌਂ ਜਾ। ਮਾਲਿਕ ਸਾਡਾ ਧਿਆਨ ਨਹੀਂ ਰੱਖਦਾ ਤਾਂ ਅਸੀਂ ਕਿਉਂ ਧਿਆਨ ਰੱਖੀਏ। ਚੋਰੀ ਹੋ ਜਾਏਗੀ ਤਦ ਉਸਦੀ ਅਕਲ ਠਿਕਾਣੇ ਆਏਗੀ!
ਬੇਵਕੂਫ ! ਚੋਰ ਅੰਦਰ ਆ ਗਿਆ ਹੈ। ਤੂੰ ਆਪਣੇ ਫਰਜ਼ ਦੀ ਪਾਲਣਾ ਕਰ। ਭੌਂਕ! ਮਾਲਿਕ ਨੂੰ ਜਗਾ।
ਮੈਨੂੰ ਮੇਰਾ ਕੰਮ ਨਾ ਸਿਖਾ! ਚੁਪ ਰਹਿ।
ਤੂੰ ਨਹੀਂ ਭੌਂਕੇਗਾ ਤਾਂ ਮਾਲਿਕ ਨੂੰ ਮੈਂ ਹੀ ਜਗਾ ਦਿੰਦਾ ਹਾਂ। ਮੈਂ ਮਾਲਿਕ ਦਾ ਨੁਕਸਾਨ ਹੁੰਦਾ ਨਹੀਂ ਵੇਖ ਸਕਦਾ।


ਕੁੱਤੇ ਦੇ ਰੋਕਣ ਤੇ ਵੀ ਗਧਾ ਨਹੀਂ ਮੰਨਿਆ। ਉਹ ਜੋਰ-ਜੋਰ ਨਾਲ ਹੀਂਗਣ ਲੱਗਾ-
ਢੈਂਚ.....
ਧੋਬੀ ਦੀ ਅੱਖ ਖੁਲ੍ਹੀ। ਅੱਧੀ ਰਾਤ ਨੂੰ ਗਧੇ ਨੂੰ ਹੀਂਗਦਾ ਵੇਖ ਕੇ ਉਹਨੂੰ ਗੁੱਸਾ ਆ ਗਿਆ ਅਤੇ ਡੰਡਾ ਲੈ ਕੇ ਉਸਨੇ ਗਧੇ ਨੂੰ ਕੁੱਟ ਦਿੱਤਾ।
ਸਾਰੀ ਨੀਂਦ ਖਰਾਬ ਕਰ ਦਿੱਤੀ। ਲੈ ਮਜਾ ਚੱਖ।


ਹਾਏ! ਮੈਂ ਮਰ ਗਿਆ! ਮਾਲਿਕ ਨੇ ਮੈਨੂੰ ਬਹੁਤ ਮਾਰਿਆ।
ਚੋਰ ਧੋਬੀ ਦੇ ਫਿਰ ਸੌਂ ਜਾਣ ਤਕ ਲੁੱਕਿਆ ਰਿਹਾ ਅਤੇ ਮੌਕਾ ਮਿਲਦੇ ਹੀ ਚੋਰੀ ਕਰਕੇ ਭੱਜ ਗਿਆ।
ਹਾਏ! ਮੈਂ ਤਾਂ ਲੁੱਟਿਆ ਗਿਆ ਮੇਰਾ ਸਾਰਾ ਗਹਿਣਾ ਚੋਰੀ ਹੋ ਗਿਆ।
ਜਦ ਚੋਰ ਚੋਰੀ ਕਰ ਰਿਹਾ ਸੀ। ਤਾਂ ਤੂੰ ਭੌਂਕਿਆ ਕਿਉਂ ਨਹੀਂ?
ਮੈਂ ਤਾਂ ਮਾਲਿਕ ਨੂੰ ਜਗਾ ਕੇ ਚੋਰੀ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਮਾਲਿਕ ਨੇ ਮੇਰਾ ਹੀ ਕਚੂਮਰ ਕੱਢ ਦਿਤਾ।
ਦੋਸਤ ਮੈਨੂੰ ਮਾਫ਼ ਕਰ ਦੇ। ਭਵਿੱਖ ਵਿੱਚ ਅਜਿਹੀ ਗਲਤੀ ਨਹੀਂ ਕਰਾਂਗਾ। ਆਪਣੇ ਫਰਜ਼ ਦਾ ਸਹੀ ਤਰ੍ਹਾਂ ਪਾਲਣ ਕਰਾਂਗਾ।
ਸਿਖਿਆ - ਜਿਸਦਾ ਕੰਮ ਉਸੇ ਨੂੰ ਸਾਜੇ......

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ
10 ਅੰਤਰ ਲੱਭੋ !



kids Nirankari
spiritual dreamland for kids

# Spiritual Zone for kids



With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

Share your talent in form of painting, poetry & story



Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011-47660200, E-mail : patrika@nirankari.org

**ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ**

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

**ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ**

**TAMIL**
Sant Nirankari Satsang Bhawan, #7, Govindan Street, Ayavoo Naidu Colony, Aminj Karai, CHENNAI-600 029 (T.N.) Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin - 500 029 Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI-400014 (Mah.) Ph. 22-24102047

**KANNADA**
Sant Nirankari Satsang Bhawan, 88, Rattanvilas Road, Southend Circle, Basavangudi, BENGALURU-560 004 (Karnataka) Ph. 080-26577212

**BANGLA**
Sant Nirankari Satsang Bhawan, 884 G.T. Road, Laxmipur-2, East Bardhaman—713101 Ph. 0342-2657219

**ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।**

Posted at NDPSO Prescribed dates 23rd & 24th Date of Publication: 17th & 18th (Advance Month)